ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

Sept. 1978

ਸਤੰਬਰ ੧੯੭੮



ਨਾਮ-ਰਸਿਕ ਬੈਰਾਗੀਅੜੇ

ਭਾਈ ਸਾਹਿਬ ਰਣਧੀਰ ਸਿੰਘ ਜੀ, ਬਾਊ ਮਲ ਸਿੰਘ ਜੀ, ਸੰਤ ਵਿਸਾਖਾ ਸਿੰਘ ਜੀ

www.AKJ.Org

ਡੀ.ਪੀ.ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ ਮਿਤੀ (੧੭-੧੦-੬੮ ਅ. ੫. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਸੱਚੀ ਸੂਰਮਤਾਈ | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਕੇਸਰੀ ਫਰੇਰਾ ਸੋਹਣਾ ਪੰਥ ਦਾ ਨਿਸ਼ਾਨ ਏ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੭ |
| ਜਾਪੁ ਸਾਹਿਬ – ਕਾਵਿ ਅਨੁਵਾਦ | ਜੇ.ਪੀ. ਸੰਗਤ ਸਿੰਘ ਜੀ | ੮ |
| ਇਕ ਬਹੁ-ਪੱਖੀ ਉਚਤਮ ਵਿਅਕਤੀ | ਭਾਈ ਬਲਵੰਤ ਸਿੰਘ ਜੀ ਨੂਰ | ੧੦ |
| ਗੁਰੂ ਮਾਨਿਓ ਗ੍ਰੰਥ | ਸ: ਗੁਰਬਖ਼ਸ਼ ਸਿੰਘ ਜੀ ਤੇ ਸਾਥੀ | ੧੪ |
| ਸ਼ਹੀਦੀ ਸਾਕੇ ਤੋਂ ਸਤਵੰਜਾ ਸਾਲ ਬਾਅਦ | ਖ਼ਾਲਸਾ ਸਮਾਚਾਰ ਅੰਮ੍ਰਿਤਸਰ | ੧੭ |
| ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ (੨) | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨੧ |
| ਸੱਚੋ ਸੱਚ ਵਾਰਤਾ (ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋਖੀਆਂ ਦੀ ਦੁਰਦਸ਼ਾ) | ਭਾਈ ਹਰਿਭਜਨ ਸਿੰਘ ਜੀ | ੨੫ |
| ਚੌਂਕੀਆਂ ਜੁਗੋ ਜੁਗ ਅਟੱਲ | ਸ: ਪਸ਼ੌਰਾ ਸਿੰਘ ਜੀ | ੨੭ |
| ਢਿੱਲੜ ਸਿਖ ਤੇ ਪੰਥਕ ਗਿਰਾਵਟ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੩੩ |
| ਸਿੰਘਣੀਆਂ ਲਈ ਅੰਮ੍ਰਿਤ ਦਾ ਅਧਿਕਾਰ | ਬੀਬੀ ਹਰਸ਼ਰਨ ਕੌਰ ਜੀ | ੩੫ |
| ਉਘਰਿ ਗਇਆ ਜੈਸਾ ਖੋਟਾ ਢਬੂਆ (ਡਾ: ਗੰਡਾ ਸਿੰਘ ਜੀ ਤੇ ਨਕਲੀ ਨਿਰੰਕਾਰੀ 'ਨਿਰਮਾਣ' ਦਾ ਚਿੱਠੀ ਪੱਤਰ) | | ੪੧ |
| An Appreciation | Bhai Sahib Ram Singh | 43 |
| ਪਰਸੰਸਾ (ਅੰਗਰੇਜ਼ੀ ਦਾ ਪੰਜਾਬੀ ਅਨੁਵਾਦ) | ਭਾਈ ਸਾਹਿਬ ਰਾਮ ਸਿੰਘ ਜੀ | ੪੩ |


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲਾ ਪ੍ਰਕਾਸ਼ ੩ ਸਤੰਬਰ

| | | | |
|---|---|---|---|
| ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ | ੪ ਸਤੰਬਰ | ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੧੬ ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ | ੫ ਸਤੰਬਰ | ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ | ੨੧ ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ | ੧੪ ਸਤੰਬਰ | ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ | ੨੬ ਸਤੰਬਰ |

## ਨਕਲੀ ਨਿਰੰਕਾਰੀ ਬਾਬਾ ਦੋਸ਼ੀਆਂ ਦੇ ਕਟਹਿਰੇ ਵਿਚ

੧੬ ਅਗਸਤ ੧੯੭੮ ਨੂੰ ਅੰਮ੍ਰਿਤਸਰ ਦੀ ਕਚਹਿਰੀ ਵਿਚ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਨੂੰ ਲਿਆਂਦਾ ਗਿਆ ਅਤੇ ਦੋਸ਼ੀਆਂ ਦੇ ਕਟਹਿਰੇ ਵਿਚ ਖੜਾ ਕੀਤਾ ਗਿਆ । ਵਾਹਿਦਾ ਮੁਆਫ਼ ਗਵਾਹ ਰੇਸ਼ਮ ਸਿੰਘ ਤੇ ਮਹਿਮਾ ਸਿੰਘ, ਜੋ ਇਸ ਸਾਕੇ ਸਮੇਂ ਨਿਰੰਕਾਰੀਆਂ ਵਿਚ ਸ਼ਾਮਲ ਸਨ, ਇਨ੍ਹਾਂ ਦੋਹਾਂ ਦੀਆਂ ਗਵਾਹੀਆਂ ਹੋਈਆਂ । ਜਦੋਂ ਇਨ੍ਹਾਂ ਗਵਾਹੀ ਦੇਂਦਿਆਂ ਨਕਲੀ ਬਾਬੇ ਗੁਰਬਚਨ ਸਿੰਘ ਵਲ ਇਸ਼ਾਰਾ ਕਰ ਕੇ ਕਿਹਾ ਕਿ ਬਾਬਾ ਜੀ ਦੇ ਹੁਕਮ ਅਨੁਸਾਰ ਪਰਤਾਪ ਸਿੰਘ ਕਮਾਂਡਰ-ਇਨ-ਚੀਫ਼ ਨੇ ਗੋਲੀ ਚਲਾਉਣ ਦਾ ਆਰਡਰ ਦਿਤਾ ਸੀ ਤਾਂ ਬਾਬਾ ਜੀ ਦਾ ਚਿਹਰਾ ਫਕ ਹੋ ਗਿਆ ਅਤੇ ਲੱਤਾਂ ਕੰਬਣ ਲਗ ਪਈਆਂ । ਉਨ੍ਹਾਂ ਨੂੰ ਬੈਠਣ ਲਈ ਸਟੂਲ ਪੇਸ਼ ਕੀਤਾ ਗਿਆ ।

ਇਨ੍ਹਾਂ ਗਵਾਹੀਆਂ ਤੋਂ ਬਾਅਦ ਹੁਣ ਸੁਪਰੀਮ ਕੋਰਟ ਨੇ ਕੇਸ ਨੂੰ ਹਰਿਆਣਾ ਪ੍ਰਾਂਤ ਦੇ ਕਰਨਾਲ ਸ਼ਹਿਰ ਵਿਚ ਬਦਲ ਦਿਤਾ ਹੈ । ੩੦ ਅਗਸਤ ਨੂੰ ਉਥੇ ਪਹਿਲੀ ਪੇਸ਼ੀ ਹੈ ।

ਹੇਮਕੁੰਟ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੯.੭੮ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ 51847

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤਿ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹਿ॥

ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

ਸਾਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ., ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੨ ਸਤੰਬਰ ੧੯੭੮ ਅੰਕ ੯


## ਸੱਚੀ ਸੂਰਮਤਾਈ


[ ਵਲੋਂ – ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]


ਅਸਲ ਸੂਰਮੇ ਉਹ ਨਹੀਂ, ਹਰਗਿਜ਼ ਨਹੀਂ ਕਹਾ ਸਕਦੇ ਜੋ ਮਨ ਦੇ ਹੰਕਾਰ ਕਰਕੇ ਲੜ ਭਿੜ ਮਰਦੇ ਹਨ । ਨਿਸ਼ਕਾਮ ਸੂਰਮਤਾਈ, ਸੱਚੀ ਸੂਰਮਤਾਈ ਕੇਵਲ ਗੁਰੂ ਘਰ ਦੇ ਵਰੋਸਾਏ ਗੁਰਮੁਖ ਜਨਾਂ ਦੀ ਆਤਮਾ ਅੰਦਰ ਹੀ ਆ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਨਾਮ-ਰੰਗ-ਰਤੜੇ, ਗੁਰਮੁਖ ਜਨ ਹੀ ਸੱਚੇ ਸੂਰਮੇ ਹੋ ਸਕਦੇ ਹਨ। ਯਥਾ ਗੁਰਵਾਕ :—

ਜਾ ਕਉ ਹਰਿ ਰੰਗੁ ਲਾਗਉ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ...੧॥ (੨॥੪॥੩੫)
[ਧਨਾਸਰੀ ਮ: ੫, ਪੰਨਾ ੬੮੦

ਸਪੱਸ਼ਟ ਭਾਵ ਹੈ ਅਤੇ ਸੱਚੇ ਸੂਰਮੇ ਦੀ ਗੁਰਮੁਖ ਡੈਫੀਨੀਸ਼ਨ ਕਿਆ ਸੁੰਦਰ ਦਸੀ ਕਿ ਸੱਚਾ ਸੂਰਮਾ ਸੱਚ ਮੁੱਚ ਉਹੀ ਹੈ ਜਿਸ ਨੂੰ ਵਾਹਿਗੁਰੂ ਨਾਮ ਦੇ ਰੰਗ ਪ੍ਰਾਪਤ ਹਨ । ਵਾਹਿਗੁਰੂ ਨਾਮ ਦੇ ਰੰਗਾਂ ਵਿਚ ਹੀ ਆ ਕੇ, ਦੇਹੋਂ ਬਿਦੇਹ ਹੋ ਕੇ ਸੱਚੇ ਆਤਮ-ਰਸ-ਰੰਗ ਖਿੜਦੇ ਹਨ ਅਤੇ ਆਤਮ-ਰੰਗ ਖਿੜੇ ਬਾਝੋਂ ਮਨੂਆ ਜਿਤਿਆ ਨਹੀਂ ਜਾ ਸਕਦਾ, ਅਤੇ ਨਾ ਹੀ ਨਿਸ਼ਕਾਮ ਭਗਤੀ ਅਤੇ ਸੱਚੀ ਉਪਕਾਰ-ਗੀਧੀ ਨਿਰੋਲ ਸੂਰਮਤਾਈ ਹਿਰਦੇ ਅੰਦਰ ਪ੍ਰਵੇਸ਼ ਹੁੰਦੀ ਹੈ । ਜਿਸ ਜਨ ਨੇ ਆਪਣਾ ਆਤਮਾ ਜਿਣ ਲਿਆ, ਉਹ ਜਨ ਹੀ ਬੇਪਰਵਾਹ ਅਤੇ ਬੇਮੁਹਤਾਜ ਹੋ ਕੇ ਜਗਤ-ਕਾਰ ਨੂੰ ਮਿਟਾ ਮੁਟਾ ਕੇ ਸਾਰੇ ਜਗਤ ਨੂੰ ਆਪਣੇ ਵਸਗੱਤ ਕਰ ਸਕਦਾ ਹੈ। ਪ੍ਰੰਤੂ ਇਹ ਬੇਪਰਵਾਹੀ ਅਤੇ ਬੇਮੁਤਾਜੀ, ਸੱਚੀ ਕੁਰਬਾਨੀ, ਕੇਵਲ ਉਸ ਗੁਰਮੁਖ ਜਨ ਦੇ ਅੰਦਰ ਹੀ ਆ ਸਕਦੀ




www.AKJ.Org

ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਸੱਚੀ ਗੁਰ-ਦੀਖਿਆ ਪ੍ਰਾਪਤ ਹੋ ਗਈ ਹੋਵੇ। ਸੱਚਾ ਸਤਿਗੁਰੂ ਗੁਰੂ ਬਾਝੋਂ ਹੋਰ ਕੋਈ ਨਹੀਂ ਹੋ ਸਕਦਾ। ਤਾਂਤੇ ਸਿਰ ਧੜ ਦੀ ਬਾਜ਼ੀ ਲਾਉਣ ਵਾਲੀ ਸੱਚੀ ਸੂਰਬੀਰਤਾ ਗੁਰੂ ਘਰ ਦੇ ਰੰਗ-ਰੱਤੜੇ ਗੁਰਮੁਖ ਜਨਾਂ ਦੇ ਨਿਰਭੈ ਆਤਮਾ ਵਿਖੇ ਹੀ ਆ ਸਕਦੀ ਹੈ। ਆਤਮ-ਰੰਗਾਂ ਵਿਚ ਵਾਹਿਗੁਰੂ ਦੀ ਸਿਫ਼ਤ ਸਲਾਹ ਕਰਨਹਾਰੇ, ਵਾਹਿਗੁਰੂ ਦਾ ਜਸ ਗਾਵਣਹਾਰੇ ਨਿਸ਼ਕਾਮ ਗੁਰਮੁਖ ਭਗਤ ਜਨਾਂ ਦੇ ਆਤਮ ਜੀਵਨ ਅੰਦਰ ਹੀ ਪਰਵੇਸ਼ ਹੋ ਸਕਦੀ ਹੈ। ਇਸ ਬਿਧਿ ਪਰਵੇਸ਼ ਹੋਈ ਆਤਮ-ਕਣੀ ਜਿਸ ਜਨ ਅੰਦਰ ਮੌਜੂਦ ਹੈ, ਉਸ ਦੇ ਆਤਮ-ਰੰਗ-ਰੱਤੜੇ-ਜੀਵਨ ਅੰਦਰ ਹੀ ਸੱਚੀ ਸੂਰਬੀਰਤਾ ਵਾਲੀ ਸੱਚੀ ਸਪਿਰਿਟ ਆ ਸਕਦੀ ਹੈ। ਗੁਰੂ ਘਰ, ਗੁਰੂ ਨਾਨਕ ਸਾਹਿਬ ਦਾ ਬਖਸ਼ਿਆ ਹੋਇਆ ਚਲੂਲਾ ਰੰਗ ਹੀ ਸਹਿਜ ਅਵਸਥਾ ਨੂੰ ਅਪੜਾ ਸਕਦਾ ਹੈ। ਇਸ ਸਹਿਜ ਅਵਸਥਾ ਵਿਚ ਲੀਨ ਹੋਏ ਬਾਝੋਂ ਸੱਚੀ ਨਿਰਭੈਤਾ ਨਹੀਂ ਉਪਜਦੀ ਅਤੇ ਤਿਥੇ ਹੀ ਸੱਚੇ ਆਤਮ ਰੰਗਾਂ ਵਾਲੀ ਨਿਸ਼ਕਾਮ ਸੂਰਬੀਰਤਾ ਉਪਜਦੀ ਹੈ। ਤਾਂ ਤੇ ਗੁਰੂ ਘਰ ਦੇ ਆਤਮ ਜੀਵਨ ਵਾਲੇ ਰੰਗ ਰੱਤੜੇ ਸੱਚੇ ਗੁਰਮੁਖ ਜਨਾਂ ਅੰਦਰ ਹੀ ਸੱਚੀ ਸੂਰਮਤਾਈ ਉਪਜਦੀ ਹੈ।

ਆਤਮ ਜਿਣੈ ਸਗਲ ਵਸਿ ਤਾ ਕੈ,
ਜਾ ਕਾ ਸਤਿਗੁਰੁ ਪੂਰਾ ॥੩॥

[ਧਨਾਸਰੀ ਮ: ੫, ਪੰਨਾ ੬੮੫

ਮਈ ਗੁਰ-ਸੱਚੀ-ਵਾਕ-ਪੰਗਤੀ ਨੇ ਸਪੱਸ਼ਟ ਹੀ ਫ਼ੈਸਲਾ ਕਰ ਦਿਤਾ ਕਿ ਸਤਿਗੁਰ ਪੂਰੇ ਦੀ ਗੁਰ-ਦੀਖਿਆ ਜਿਸ ਨੂੰ ਪ੍ਰਾਪਤ ਹੋਈ ਹੈ, ਉਹੀ ਸੱਚਾ ਸੂਰਮਾ ਬਣ ਸਕਦਾ ਹੈ।

ਇਸ ਗੱਲ ਵਿਚ ਰੰਚਕ ਸੰਦੇਹ ਨਹੀਂ ਕਿ "ਗੁਰ ਪੂਰੇ ਵਾਲੀ" ਸੱਚੀ ਘਟਨਾ ਕੇਵਲ ਗੁਰੂ ਨਾਨਕ ਸਾਹਿਬ ਅਤੇ ਗੁਰ ਨਾਨਕ ਸਾਹਿਬ ਦੇ ਦਸੇ ਗੁਰ ਜਾਮਿਆਂ ਉਪਰ ਘਟ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਫ਼ੈਸਲਾ ਕਰ ਦਿਤਾ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਪਿਛੋਂ ਕਚ-ਪਿਚ ਪੂਰੇ ਸੂਰੇ ਦੇਹਧਾਰੀ ਗੁਰੂਆਂ ਦਾ ਸਿਲਸਿਲਾ ਉਕਾ ਹੀ ਮੁਕ ਚੁਕਾ ਹੈ। ਸਤਿਗੁਰ ਨਾਨਕ ਸਾਹਿਬ ਬਾਝੋਂ ਹੋਰ ਪੂਰਾ ਗੁਰੂ ਕੋਈ ਨਹੀਂ ਕਹਾ ਸਕਦਾ। ਗੁਰ ਨਾਨਕ ਸੱਚਾ ਪਾਤਸ਼ਾਹ ਰੰਗ ਰਤੜੇ ਗੁਰਮੁਖ ਜਨਾਂ ਦੇ ਰੰਗ ਰਤੜੇ ਘਟਾਂ ਅੰਦਰ ਹਰ ਦਮ ਮੌਜੂਦ ਹੈ ਅਤੇ ਜਿਹੋ ਜਿਹੀ ਸ਼ਰਧਾ ਕਰਿ ਗੁਰ ਨਾਨਕ ਸਾਹਿਬ ਜੀ ਨੂੰ ਅਰਾਧਦੇ ਹਨ ਤਿਥੇ ਹੀ ਗੁਰ ਨਾਨਕ ਸੱਚਾ ਪਾਤਸ਼ਾਹ, ਪੂਰਾ ਗੁਰੂ ਨਾਨਕ ਸਾਹਿਬ, ਪੂਰੀ ਬਣਤ ਬਣਾਇ ਕੇ ਪਰਤੱਖ ਦਰਸ਼ਨ ਦਿਖਾਇ ਦੇਂਦਾ ਹੈ। ਤਾਂਤੇ ਪੂਰੇ ਅਪੂਰੇ ਕੱਚ-ਪਿਚੇ ਗੁਰੂ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਸੱਚਾ ਸਤਿਗੁਰੂ, 'ਸਤਿਗੁਰ ਬਾਝਹੁ ਗੁਰੁ ਨਹੀ ਕੋਈ"* ਨਿਰਸੰਦੇਹ ਹੈ ਹੀ ਨਹੀਂ।

ਤਾਂਤੇ ਗੁਰੂ ਘਰ, ਗੁਰੂ ਸਾਹਿਬ ਸੱਚੇ ਸਤਿਗੁਰੂ ਦੇ ਦੀਖਿਅਕ ਗੁਰਮੁਖ ਜਨ ਨੂੰ ਹੀ ਇਹ ਵਡਾਈ ਪ੍ਰਾਪਤ ਹੈ। ਜਿਸ ਦੇ ਸਿਰ ਉਪਰ ਸਦਾ ਸਦਾ ਸੱਚਾ ਸਤਿਗੁਰ ਨਾਨਕ ਦੇਵ ਹਰਦਮ ਹਾਜ਼ਰ ਨਾਜ਼ਰ ਹੈ ਉਸ ਨੂੰ ਕਿਸੇ ਵੀ ਗੱਲ ਦੀ ਥੁੜ ਨਹੀਂ ਰਹਿੰਦੀ। ਯਥਾ ਗੁਰਵਾਕ :—

ਸਿਰ ਊਪਰਿ ਠਾਢਾ ਗੁਰੁ ਸੂਰਾ ॥
ਨਾਨਕ ਤਾ ਕੇ ਕਾਰਜ ਪੂਰਾ ॥੭॥(੨੨)

[ਸੁਖਮਨੀ ਮ: ੫, ਪੰਨਾ ੨੯੩

ਇਸ ਬਿਧਿ ਸੱਚੇ ਸਤਿਗੁਰੂ ਨੂੰ ਜੋ ਰੰਗ ਰਤੜਾ ਗੁਰਮੁਖ ਜਨ ਹਰਦਮ ਹਿਰਦੇ ਵਿਚ ਵਸਾਈ ਰੱਖਦਾ ਹੈ, ਕੇਵਲ ਉਸੇ ਜਨ ਨੂੰ ਹੀ ਸੱਚੀ ਸੂਰਮਤਾਈ ਦੀ ਦਾਤਿ ਪ੍ਰਾਪਤ ਹੁੰਦੀ ਹੈ। ਗੁਰਮਤਿ ਅਨੁਸਾਰ ਸੱਚਾ ਸੂਰਮਾ ਸੋਈ ਕਹਾ ਸਕਦਾ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਨਿਕਟਤਾਈ ਵਾਲੀ ਸੱਚੀ ਦਾਤਿ ਪ੍ਰਾਪਤ ਹੋਵੇ। ਸੱਚੇ ਨਿਰਭੈ ਸੂਰਮੇ ਗੁਰੂ ਘਰ ਅੰਦਰ ਹੀ ਉਪਜੇ ਹਨ ਤੇ ਸਦਾ ਗੁਰੂ ਘਰ ਅੰਦਰ ਹੀ ਉਪਜਣਗੇ। ਤਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦੀ ਜੁਗ ਜੁਗ

---

*ਆਸਾ ਮ: ੩ ਪਟੀ ॥੧੩॥, ਪੰਨਾ ੪੩੫



www.AKJ.Org

ਵਡਿਆਈ ਅਤੇ ਨਿਕਟਤਾਈ ਪ੍ਰਾਪਤ ਹੁੰਦੀ ਰਹੇਗੀ। ਤਿਨ੍ਹਾਂ ਨੂੰ ਨਿਜ ਨਿਸ਼ਕਾਮ ਸੂਰਮਤਾ ਵਾਲੀ ਸੱਚੀ ਸਪਿਰਿਟ ਪ੍ਰਾਪਤ ਰਹੇਗੀ। ਉਹ ਸਦਾ ਹੀ ਜੰਗਾਂ ਜੁਧਾਂ ਵਿਚ ਨਿਰਭੈ ਅਤੇ ਬੇਪਰਵਾਹ ਹੋ ਕੇ ਆਤਮ-ਰੰਗਾਂ ਵਿਚ ਜੂਝਣਗੇ। ਸੱਚੀ ਸੂਰਮਤਾਈ, ਸੂਰਬੀਰਤਾ ਤਿਨ੍ਹਾਂ ਦੇ ਹੀ ਵਿਰਸੇ ਵਿਚ ਸਦੀਵ ਲਈ ਮਖ਼ਸੂਸ ਰਹੇਗੀ ਅਤੇ ਮਖ਼ਸੂਸ ਹੁੰਦੀ ਚਲੀ ਆਉਂਦੀ ਹੈ। ਸੱਚੇ ਸੂਰਮਿਆਂ ਵਾਲੀ ਸੱਚੀ ਸੂਰਮਗਤੀ ਕੇਵਲ ਤਿਨ੍ਹਾਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ ਜੋ ਆਤਮ-ਰੰਗਾਂ ਵਿਚ ਰੰਗ ਕੇ ਕੇਵਲ ਗੁਰੂ ਪਰਾਇਣ ਹੋ ਕੇ ਸਿਰਲੱਥ ਸਿਰ ਧੜ ਦੀ ਬਾਜ਼ੀ ਲਾਉਣਗੇ। ਆਤਮ-ਜੀਵਨ-ਰੰਗ ਦੇ ਚਲੂਲੇ ਰੰਗ ਕੇਵਲ ਸਚੀ ਗੁਰ ਭਗਤੀ ਦੇ ਆਸਰੇ ਹੀ ਗੁਰਮੁਖ ਰੰਗ-ਰੱਤੜੀਆਂ-ਰੂੜ੍ਹੀਆਂ ਰੂਹਾਂ ਅੰਦਰ ਪਰਵੇਸ਼ ਹੋ ਸਕਦੇ ਹਨ ਅਤੇ ਤਿਨ੍ਹਾਂ ਨੂੰ ਹੀ ਸੱਚੀ ਸੂਰਮਤਾਈ ਵਾਲੇ ਸੁਭਾਗ ਪ੍ਰਾਪਤ ਹੁੰਦੇ ਹਨ।

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ
ਦੁਸਟੁ ਅਹੰਕਰਣੁ ਮਾਰਿਆ ॥੧॥(੧੧)
[ਵਾਰ ਸਿਰੀਰਾਗ, ਪੰਨਾ ੮੬

ਗੁਰਵਾਕ ਦੇ ਭਾਵ ਅਨੁਸਾਰ ਸੱਚਾ ਸੂਰਮਾ ਅਤੇ ਬਹਾਦਰ ਸੋਈ ਜਨ ਹੈ ਜਿਸ ਨੇ ਆਪਣੇ ਅੰਦਰੋਂ ਦੁਸ਼ਟ 'ਅਹੰਕਰਣ ਮਈ' ਹਉਮੈ ਦਾ ਬਿਨਾਸ ਅਤੇ ਬੀਜ ਨਾਸ਼ ਕੀਤਾ ਹੈ। ਇਸ ਹਉਮੈ ਦਾ ਬਿਨਾਸ ਗੁਰਮਤਿ ਨਾਮ ਅਭਿਆਸ ਦੀ ਅਥਾਹ ਕਮਾਈ ਦੁਆਰਾ ਹੀ ਹੋ ਸਕਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਕਰਕੇ ਹੀ ਹਉਮੈ ਅੰਦਰ ਸੱਚੀ ਗਰੀਬੀ (ਨਿੰਮ੍ਰਤਾ) ਆਉਂਦੀ ਹੈ। ਜਿਸ ਦੇ ਅੰਦਰ ਇਹ ਨਿੰਮ੍ਰਤਾ ਨਹੀਂ ਆਈ ਅਤੇ ਜਿਸ ਦੇ ਅੰਦਰੋਂ ਹਉਮੈ ਦਾ ਬਿਨਾਸ ਨਹੀਂ ਹੋਇਆ, ਉਸ ਦੇ ਅੰਦਰ ਸੱਚੀ ਸੂਰਮਤਾ ਕਦੇ ਆ ਹੀ ਨਹੀਂ ਸਕਦੀ। ਯਥਾ :—

ਸੂਰੇ ਏਹਿ ਨ ਆਖੀਅਹਿ
ਅਹੰਕਾਰਿ ਮਰਹਿ ਦੁਖ ਪਾਵਹਿ ॥(੯)
[ਮਾਰੂ ਵਾਰ ਮ: ੩, ਪੰਨਾ ੧੦੮੯

ਬਲਕਿ ਸੱਚਾ ਸੂਰਮਾ ਉਹ ਹੈ ਜੈਸੇ ਕਿ ਅਗਲੇ ਗੁਰਵਾਕ ਦਾ ਭਾਵ ਹੈ—

ਸੂਰਬੀਰ ਧੀਰਜ ਮਤਿ ਪੂਰਾ ॥
ਸਹਜ ਸਮਾਧਿ ਧੁਨਿ ਗਹਿਰ ਗੰਭੀਰਾ...੩॥
(੪। ੧੫॥੨੬) [ਰਾਮਕਲੀ ਮ:੫, ਪੰਨਾ੮੯੦-੯੧

ਇਸ ਗੁਰਵਾਕ ਦੇ ਭਾਵ ਅਨੁਸਾਰ ਸੱਚੀ ਬੀਰਤਾ ਵਾਲਾ ਸੂਰਮਾ ਸੋਈ ਹੈ ਜਿਸ ਦੇ ਅੰਤਰ-ਆਤਮੇ ਸੱਚੀ ਧੀਰਜ ਰੂਪੀ ਸ਼ਾਂਤਮਈ ਆਉਂਦੀ ਹੈ। ਇਹ ਸੱਚੀ ਸ਼ਾਂਤਮਈ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਆ ਸਕਦੀ ਹੈ। ਗੁਰਮਤਿ ਦੇ ਰੰਗਾਂ ਵਿਚ ਰੰਗੀਜ ਕੇ ਨਾਮ ਅਭਿਆਸੀ ਜਨ ਦੀ ਐਸੀ ਸਹਿਜ ਸਮਾਧੀ ਲਗਦੀ ਹੈ ਕਿ ਉਸ ਨੂੰ ਆਪਣੇ ਸਰੀਰਕ ਅੰਗਾਂ ਦੀ ਸੁਧ ਬੁਧ ਹੀ ਨਹੀਂ ਰਹਿੰਦੀ। ਉਹ ਗਹਿਰ ਗੰਭੀਰੇ ਰੰਗਾਂ ਵਿਚ ਲਿਵਲੀਨ ਹੋ ਜਾਂਦਾ ਹੈ। ਜਿਸ ਦੇ ਆਪੇ ਦਾ ਅਭਾਵ ਨਹੀਂ ਹੋਇਆ, ਉਸ ਨੇ ਹੋਰਤ ਜਗਤ ਨੂੰ ਕੀ ਪ੍ਰਬੋਧਣਾ ਸੋਧਣਾ ਹੈ। ਜਿਸ ਦੇ ਅੰਦਰੋਂ ਅਹੰਕਾਰ ਨਹੀਂ ਮਰਿਆ, ਉਸ ਨੇ ਦੂਜਿਆਂ ਨੂੰ ਕੀ ਮਾਰ ਸਕਣਾ ਹੈ। ਜਿਸ ਦਾ ਅੰਦਰਲਾ ਭਉ ਨਹੀਂ ਗਿਆ, ਉਹ ਪੁਰਸ਼ ਹੋਰਨਾਂ ਤੇ ਭਾਰੂ ਹੋ ਹੀ ਨਹੀਂ ਸਕਦਾ। ਅੰਦਰਲੇ ਭਉ ਗਏ ਬਿਨਾਂ ਨਿਰਭੈਤਾ (ਸੱਚੀ ਸੂਰਮਤਾ) ਆ ਵੀ ਨਹੀਂ ਸਕਦੀ। ਗੁਰਮਤਿ ਨਾਮ ਅਭਿਆਸ ਦੀ ਅਤੁਟ ਕਮਾਈ ਦੇ ਤੁਫ਼ੈਲ ਸੱਚੇ ਸਹਿਜ ਰੰਗਾਂ ਵਿਚ ਲੀਨ ਹੋ ਕੇ ਸੱਚੀ ਨਿਰਭੈਤਾ ਪ੍ਰਾਪਤ ਹੋਈ ਬਾਝੋਂ, ਸੱਚੀ ਸੂਰਮਤਾ ਕਿਥੇ? ਸੱਚੇ ਸੂਰਮੇ ਉਹ ਹਨ ਜੋ ਆਪਾ ਖੋਇ ਕੇ, ਆਪਾ ਬਿਗੋਇ ਕੇ, ਇਸ ਲੋਕ ਅੰਦਰ ਅਤੇ ਪਰਲੋਕ ਅੰਦਰ ਸੱਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ :—

ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵਹਿ ਸਾਚੀ ਮਾਣੋ ॥੩॥(੪॥੨)
[ਵਡਹੰਸੁ ਮ: ੧, ਪੰਨਾ ੫੮੦

ਸੱਚਾ ਸੂਰਮਾ ਉਹੀ ਹੈ ਜਿਸ ਨੇ ਪ੍ਰਿਥਮ ਆਪਣਾ ਆਪ ਮਿਟਾਇਆ ਹੈ ਤੇ ਆਪਣਾ ਆਪ ਮਿਟਾਇ ਕੇ ਹੀ ਸੱਚੀ ਦੀਨਤਾ (ਗਰੀਬੀ) ਆਉਂਦੀ ਹੈ। ਐਸੀ


www.AKJ.Org

ਦੀਨਤਾ ਵਾਲਾ ਗੁਰਮੁਖ ਜਨ ਹੀ ਅੰਦਰੋਂ ਬਾਹਰੋਂ ਦੀਨ ਗਰੀਬ ਹੋਇ ਕੇ ਦੀਨਾਂ ਗਰੀਬਾਂ ਲਈ ਜੂਝ ਸਕਦਾ ਹੈ। ਯਥਾ ਗੁਰਵਾਕ :—

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ
ਖੇਤੁ ॥੨॥ ੨॥ [ਸਲੋਕ ਕਬੀਰ, ਪੰਨਾ ੧੧੦੫

ਆਪਾ-ਪ੍ਰਸਤ ਆਦਮੀ, ਜਿਸ ਨੇ ਆਪਣੇ ਤਨ ਦੀ ਰਖਿਆ ਨੂੰ ਹੀ ਮੁਖ ਰਖਿਆ ਹੈ, ਉਹ ਐਵੇਂ ਹੀ ਡਰ ਡਰ ਮਰਦਾ ਹੈ ਅਤੇ ਇਸ ਮਰਨ ਤੋਂ ਬਚਣ ਲਈ ਬਿਰਥਾ ਹੀ ਆਪਣੇ ਆਪ ਨੂੰ ਲੁਕਾਉਂਦਾ ਫਿਰਦਾ ਹੈ, ਉਸ ਨੇ ਪਰਉਪਕਾਰ ਦੀ ਖ਼ਾਤਰ ਕੀ ਮਰਨਾ ਹੋਇਆ ? ਜਿਹੜਾ ਸੱਚਾ ਸੂਰਮਾ ਗੁਰਮੁਖ ਜਨ ਹੈ ਉਹ ਰਣ-ਤਤਿਆਂ ਵਿਚ ਵੀ ਨਹੀਂ ਡਰਦਾ। ਯਥਾ ਗੁਰਵਾਕ :—

ਸੂਰੁ ਕਿ ਸਨਮੁਖ ਰਨ ਤੇ ਡਰਪੈ...॥੧॥
(੨॥੨॥੧੭) [ਗਉੜੀ ਕਬੀਰ ਜੀ, ਪੰਨਾ ੩੩੮

ਉਹ ਸੂਰਮਾ ਕੀ ਆਖ, ਜੋ ਸਨਮੁਖ ਜੂਝਣੋਂ ਡਰੇ ਅਤੇ ਰਣ-ਤੱਤੇ ਵਿਚੋਂ ਭੱਜ ਨਿਕਲੇ। ਜਿਸ ਗੁਰਮੁਖ ਜਨ ਨੇ ਅਥਾਹ ਗੁਰਮਤਿ ਨਾਮ ਦੀ ਕਮਾਈ ਦੇ ਪ੍ਰਤਾਪ ਸੇਤੀ ਆਪਣਾ ਆਪ ਉੱਕਾ ਹੀ ਗਵਾਇਆ ਹੋਇਆ ਹੁੰਦਾ ਹੈ, ਉਹੀ ਰਣ ਤੱਤੇ ਵਿਚ ਪੂਰਾ ਉਤਰਦਾ ਹੈ। ਗੁਰਮਤਿ ਰੰਗਾਂ ਵਿਚ ਲੀਨ ਹੋ ਕੇ ਉਸ ਨੂੰ ਸੱਚੀ ਨਿਰਭੈਤਾ ਪ੍ਰਾਪਤ ਹੀ ਰਹਿੰਦੀ ਹੈ। ਉਸ ਨੂੰ—
ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ...੧।
(੫॥੧੮) [ਸਿਰੀਰਾਗੁ ਮ: ੧, ਪੰਨਾ ੨੦

ਗੁਰਵਾਕ ਦੇ ਭਾਵ ਅਨੁਸਾਰ ਸਦਾ ਸਦਾ ਲਈ ਆਪਣਾ ਸੀਸ ਤਲੀ ਉਤੇ ਰੱਖੀ ਫਿਰਨ ਲਈ, ਗੁਰ-ਦਵਾਰਿਓਂ ਸੱਚੜੀ ਸੂਝ ਬੂਝ ਅਤੇ ਉਤਸ਼ਾਹ ਮਈ ਤਕੀਆ-ਤਾਣ ਪ੍ਰਾਪਤ ਹੀ ਰਹਿੰਦਾ ਹੈ। ਪਰਉਪਕਾਰ ਦੀ ਖ਼ਾਤਰ ਉਸ ਨੂੰ ਮਰ ਮਿਟਣਾ ਖੱਬੇ ਹੱਥ ਦੀ ਖੇਡ ਹੀ ਦਿਸਦੀ ਰਹਿੰਦੀ ਹੈ। ਤਾਂਤੇ ਸਿਧ ਹੋ ਗਿਆ ਕਿ ਸੱਚੀ ਸੂਰਮਤਾ ਕੇਵਲ ਗੁਰਮਤਿ ਨਾਮ ਅਭਿ-ਆਸ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰੂ ਘਰ ਤੋਂ ਬਾਹਰ ਨਾ ਹੀ ਸਚੜੀ ਸ਼ਾਂਤਮਈ (ਧੀਰਜਤਾ), ਨਾ ਹੀ ਸੱਚੀ ਸੂਰਬੀਰਤਾ ਪ੍ਰਾਪਤ ਹੋ ਸਕਦੀ ਹੈ। ਸੱਚੇ ਵਾਹਿਗੁਰੂ ਦੇ ਰੰਗਾਂ ਵਿਚ ਰਤੇ ਬਿਨਾਂ ਸੱਚੀ ਸੂਰਮਤਾ ਆਉਂਦੀ ਹੀ ਨਹੀਂ। ਤਾਂਤੇ ਇਹ ਸੱਚੜਾ ਆਤਮ ਚਲੂਲੀ ਰੰਗ ਜਿਸ ਗੁਰਮੁਖ ਜਨ ਨੂੰ ਹਰਦਮ ਚੜ੍ਹਿਆ ਹੀ ਰਹਿੰਦਾ ਹੈ, ਉਹੀ ਜਨ ਚੜ੍ਹਦੀਆਂ ਕਲਾਂ ਵਾਲੀ ਸੱਚੜੀ ਸੂਰ-ਬੀਰਤਾ ਦੇ ਰੰਗਾਂ ਵਿਚ ਰੱਤਿਆ ਮੱਤਿਆ ਜਾਣੋ। ਇਹ ਸੱਚੜਾ ਰੰਗ ਚੜ੍ਹਦੀਆਂ ਕਲਾਂ ਵਾਲਾ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਅੰਦਰ ਹੀ ਹੈ, ਏਦੂੰ ਬਾਹਰ ਹਰਗਿਜ਼ ਨਹੀਂ। ਸੱਚੀ ਸੂਰਮਤਾਈ ਭੀ ਇਨ੍ਹਾਂ ਹੀ ਸੱਚੜੇ ਗੁਰਮਤਿ ਰੰਗਾਂ ਤੋਂ ਚੜ੍ਹਦੀ ਕਲਾਂ ਵਿਖੇ ਆਉਂਦੀ ਹੈ। ਸੱਚੀ ਨਿੰਮ੍ਰਤਾ, ਸੱਚੜੀ ਸ਼ਾਂਤਮਈ ਗੁਰਮੁਖਾਂ ਦੇ ਹਿਰਦਿਆਂ ਵਿਚ ਹੀ ਵਸਦੀ ਹੈ, ਹੋਰ ਕਿਤੇ ਨਹੀਂ। ਅਤੇ ਇਨ੍ਹਾਂ ਆਪਾ ਅਭਾਵ ਹੋਏ ਸੱਚੇ ਨਿਮਰੀਭੂਤ-ਰਿਦ-ਸ਼ਾਂਤੀਆਂ ਨੂੰ ਹੀ ਗੁਰੂ ਦੁਆਰਿਓਂ ਸੱਚੜੀ ਸੂਰਮਤਾਈ ਦੀ ਦਾਤਿ ਮਿਲਦੀ ਹੈ। ਹਉਮੈ ਹੰਕਾਰ ਦੇ ਮਿਟੇ ਹਟੇ ਬਿਨਾਂ ਨਾ ਹੀ ਸੱਚੜੀ ਸ਼ਾਂਤਮਈ ਦੀ ਦਾਤਿ ਇਲਾਹੀ ਨਸੀਬ ਹੁੰਦੀ ਹੈ ਅਤੇ ਨਾ ਹੀ ਇਸ ਸੱਚੜੀ ਸੂਰਮਤਾਈ ਵਾਲਾ ਸੱਚਾ ਸੂਰਜ ਉਦੇ ਹੁੰਦਾ ਹੈ।

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥ (੫੬੦)

ਗੁਰਵਾਕ ਦਾ ਭਾਵ ਇਹ ਹੈ ਕਿ ਕੇਵਲ ਨਾਮ ਦੁਆਰਾ ਹੀ ਹਉਮੈ ਹੰਕਾਰ ਬਿਨਸਦਾ ਹੈ। ਜਦ ਤਾਈਂ ਇਹ ਮਨ ਹਉਮੈ ਦੀਆਂ ਲਹਿਰਾਂ ਵਿਚ ਹੈ, ਤਦ ਤਾਈਂ ਇਸ ਦੀ ਘਾਲ ਕਮਾਈ, ਭਾਵ ਭਗਤੀ ਮਈ ਸੇਵਾ ਸਭ ਬਿਰਥੀ ਹੋ ਜਾਂਦੀ ਹੈ। ਯਥਾ ਗੁਰਵਾਕ —

ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ
ਬਿਰਥਾ ਜਾਇ ॥੧॥(੪॥੯)
[ਵਡਹੰਸੁ ਮ: ੩, ਪੰਨਾ ੫੬੦

ਲੋਕੀ ਐਵੇਂ ਹੀ ਸ਼ਾਂਤਮਈ ਸ਼ਾਂਤਮਈ ਕੂਕਦੀ ਹੈ ਅਤੇ ਹਉਮੈ ਵਿਚ ਹੀ ਕੂਕਦੀ ਹੈ। ਸੱਚੜੀ ਸ਼ਾਂਤਮਈ



www.AKJ.Org

ਨਾ ਕਿਸੇ ਨੂੰ ਪ੍ਰਾਪਤ ਹੋਈ ਹੈ ਨਾ ਹੋਣੀ ਹੈ। ਜਿਥੇ ਹੋਈ ਹੈ ਉਥੇ ਹਉਮੈ ਦਾ ਉਕਾ ਹੀ ਅਭਾਵ ਹੋ ਗਿਆ ਹੈ। ਉਥੇ ਕੇਵਲ ਸੱਚੜੀ ਸੂਰਮਤਾਈ ਵਾਲੀ ਗਤੀ ਕਲਿਆਣ ਮਈ ਹੈ। ਇਹ ਸਭ ਸਦਕਾ ਗੁਰਮਤਿ ਨਾਮ ਦੇ ਰੰਗ ਵਿਚ ਰੰਗੀਜਣ ਦਾ ਹੀ ਹੈ। ਉਹ ਸ਼ਖ਼ਸ ਉੱਕੇ ਹੀ ਕੂੜਾਵੇ ਹਨ ਜੋ ਇਸ ਸੱਚੜੀ ਲਿਵਲੀਨਤਾ ਬਿਨਾਂ ਹੀ ਸ਼ਾਂਤਮਈ ਅਤੇ ਸੂਰਮਤਾਈ ਲਭਦੇ ਹਨ। ਆਮ ਲੋਕੀ ਹਨੇਰੇ ਵਿਚ ਅੱਕੀਂ ਪਲਾਹੀਂ ਹੱਥ ਮਾਰਦੇ ਫਿਰਦੇ ਹਨ, ਉਹਨਾਂ ਨੂੰ ਲੱਭਦਾ ਲੱਭਦਾ ਕੁਝ ਵੀ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸ਼ਰਨੀ ਆਇਆਂ ਹੀ ਇਸ ਲੱਭਤਾ ਦਾ ਚਾਨਣ ਦਿਸਦਾ ਹੈ। ਤਾਂਤੇ ਜਿਸ ਜਨ ਨੂੰ ਸੱਚੀ ਸੂਰਮਤਾ ਦਰਕਾਰ ਹੈ, ਉਹ ਸਗਲ ਹਉਮੈ ਤਿਆਗ ਕੇ ਸੱਚੇ ਸਤਿਗੁਰੂ ਗੁਰੂ ਨਾਨਕ ਦੀ ਸ਼ਰਨੀ ਆਵੇ। ਇਸ ਸੱਚੜੇ ਦਰ ਘਰ ਤੋਂ ਗੁਰਮਤਿ ਨਾਮ ਮਈ ਦੀਖਸ਼ਾ ਦੀਆਂ ਸੱਚੀਆਂ ਮੁਰਾਦਾਂ ਪਾਵੇ, ਤਾਂ ਹੀ ਉਸ ਨੂੰ ਸੱਚੀ ਸੂਰਮਤਾ ਦੇ ਰੰਗ ਚੜ੍ਹ ਸਕਦੇ ਹਨ, ਐਵੇਂ ਨਹੀਂ।

[ਪੁਸਤਕ "ਗੁਰਮਤਿ ਵਿਚਾਰ" ਵਿਚੋਂ

---

# ਕੇਸਰੀ ਫਰੇਰਾ ਸੋਹਣਾ ਪੰਥ ਦਾ ਨਿਸ਼ਾਨ ਏ

ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ)

ਜਗ ਵਿਚ ਉੱਚੀ ਪੰਥ ਖਾਲਸੇ ਦੀ ਸ਼ਾਨ ਏ। ਰਾਖਾ ਸਦਾ ਏਸਦਾ ਉਹ ਸੋਢੀ ਸੁਲਤਾਨ ਏ।
ਸਾਰਾ ਸਰਬੰਸ ਜਿਸ ਕੀਤਾ ਕੁਰਬਾਨ ਏ। ਤੇਲ ਪਾ ਕੇ ਖ਼ੂਨ ਦਾ ਜਗਾਇਆ ਸ਼ਮਾਦਾਨ ਏ।
ਜਫ਼ਰ ਜਾਲ ਜਾਲ ਕੀਤਾ ਕੌਮ ਤੇ ਅਹਿਸਾਨ ਏ। ਕੇਸਰੀ ਫਰੇਰਾ ਸੋਹਣਾ ਪੰਥ ਦਾ ਨਿਸ਼ਾਨ ਏ।

ਜੀਵਨ ਦੀ ਜੋਤ 'ਗੁਰੂ ਅਰਜਨ' ਜਗਾਈ ਏ। ਅਜੇ ਤੀਕ 'ਰਾਵੀ' ਪਈ ਦੇਂਵਦੀ ਗਵਾਹੀ ਏ।
ਨੌਵੇਂ ਪਾਤਸ਼ਾਹ ਨੇ ਬਲੀ ਸੀਸ ਦੀ ਚੜ੍ਹਾਈ ਏ। ਮਾਤਾ ਗੁਜਰੀ ਨੇ ਬਾਜ਼ੀ ਜਾਨ ਦੀ ਲਗਾਈ ਏ।
ਚਾਰ ਚੰਨ ਲਗੇ ਬਣ ਗਿਆ ਆਲੀਸ਼ਾਨ ਏ। ਕੇਸਰੀ ਫਰੇਰਾ ਸੋਹਣਾ ਪੰਥ ਦਾ ਨਿਸ਼ਾਨ ਏ।

ਏਸ ਝੰਡੇ ਹੇਠ ਖਾਲਸੇ ਨੇ ਘਾਲਾਂ ਘਾਲੀਆਂ। ਨੱਚੇ ਤੇਗ਼ਾਂ ਉਤੇ ਜਿੰਦਾਂ ਢਾਲਾਂ ਵਿਚ ਢਾਲੀਆਂ।
ਅਮਰ ਹੈ ਕਹਾਣੀ ਜਿਹੜੀ ਬੀਤੀ ਨਾਲ ਚਾਲ੍ਹੀਆਂ। ਢਾਬ ਖਿਦਰਾਣੇ ਉਤੇ ਜਿਵੇਂ ਲੱਜਾਂ ਪਾਲੀਆਂ।
ਗੰਢ ਲਈ ਸਿੱਖੀ ਰਖੀ ਮਾਲਵੇ ਦੀ ਸ਼ਾਨ ਏ। ਕੇਸਰੀ ਫਰੇਰਾ ਸੋਹਣਾ ਪੰਥ ਦਾ ਨਿਸ਼ਾਨ ਏ।

ਇਹਦੀ ਰਾਖੀ ਲਈ ਸ਼ੇਰਾਂ ਖੋਪਰੇ ਲੁਹਾਏ ਨੇ। ਚਰਖੀਆਂ ਤੇ ਚੜ੍ਹੇ ਬੰਦ ਬੰਦ ਕਟਵਾਏ ਨੇ।
ਹੱਸ ਹੱਸ ਆਰੇ ਨਾਲ ਤਨ ਚਿਰਵਾਏ ਨੇ। ਭਠੀਆਂ 'ਚ ਸੜੇ ਕਈ ਸਿੰਘਣੀਆਂ ਦੇ ਜਾਏ ਨੇ।
ਸੈਂਕੜੇ ਹੀ ਸੂਰਬੀਰਾਂ ਦਿਤਾ ਬਲੀ-ਦਾਨ ਏ। ਕੇਸਰੀ ਫਰੇਰਾ ਸੋਹਣਾ ਪੰਥ ਦਾ ਨਿਸ਼ਾਨ ਏ।

ਚੁਕ ਕੇ ਨਾਦੇੜੋਂ ਇਹਨੂੰ 'ਬੰਦਾ' ਇਕ ਚੜ੍ਹਿਆ। ਘੜਿਆ ਫ਼ੁਲਾਦ ਦਾ ਉਹ ਤੇਗ਼ਾਂ ਉਤੇ ਪਲਿਆ।
ਹਥ ਵਿਚ ਖੰਡਾ ਤੇਜ ਜਾਂਵਦਾ ਨ ਝਲਿਆ। ਵੈਰੀਆਂ ਨੂੰ ਜਿਨ੍ਹੇ ਵਾਂਗ ਦਾਣਿਆਂ ਦੇ ਦਲਿਆ।
ਜਿਵੇਂ ਕੁਰਬਾਨ ਹੋਇਆ ਜਾਣਦਾ ਜਹਾਨ ਏ। ਕੇਸਰੀ ਫਰੇਰਾ ਸੋਹਣਾ ਪੰਥ ਦਾ ਨਿਸ਼ਾਨ ਏ।

ਬੀਕਾਨੇਰ ਵਿਚੋਂ 'ਮਿਤਰ' ਜੋੜਾ ਇਕ ਚੜ੍ਹਿਆ। ਇਕ ਹੱਥ ਝੰਡਾ ਦੂਜੇ ਵਿਚ ਖੰਡਾ ਫੜਿਆ।
ਸੋਧ ਕੇ ਅਰਦਾਸਾ ਹਰੀਮੰਦਰ ਵਿਚ ਵੜਿਆ। ਸਿਰ ਕਟ ਰੰਘੜੇ ਦਾ ਖੰਡੇ ਉਤੇ ਖੜਿਆ।
ਕਈ ਵਾਰ ਏਹਦੇ ਥਲੇ ਹੋਇਆ ਇਮਤਿਹਾਨ ਏ। ਕੇਸਚੀ ਫਰੇਰਾ ਸੋਹਣਾ ਪੰਥ ਦਾ ਨਿਸ਼ਾਨ ਏ।

ਰਾਖੀ ਇਦ੍ਹੀ ਲਈ ਸਿੰਘ ਤਿਆਰ ਬਰਤਿਆਰ ਏ। ਸੁਨਣ ਲਈ ਸੱਦ ਖੜਾ ਸਦਾ ਪੱਬਾਂ ਭਾਰ ਏ।
ਹਰ ਇਕ ਸਿੰਘ ਕੌਮ ਦਾ ਜਾਂ-ਨਿਸਾਰ ਏ। ਹਰ ਬੱਚਾ ਸਿੰਘ ਦਾ, 'ਅਜੀਤ' ਤੇ 'ਜੁਝਾਰ' ਏ।
ਸਭ ਕੁਝ ਪਿਛੇ, ਪਹਿਲਾਂ ਕੌਮੀ ਅਣਖ ਆਨ ਏ। ਕੇਸਰੀ ਫਰੇਰਾ ਸੋਹਣਾ ਸਿੰਘਾਂ ਦਾ ਨਿਸ਼ਾਨ ਏ।

ਲੰਘੀ ਇਸ ਵਿਸਾਖੀ ਤੇ, ਹਨੇਰੀ ਫੇਰ ਝੁਲੀ ਏ। ਗੁਰੂ ਨਗਰੀ ਦੇ ਅੰਦਰ ਫੇਰ ਰਤ ਡੁਲ੍ਹੀ ਏ।
ਪਤਾ ਪਿਆ ਲਗਦਾ ਸੀ, ਕੌਮ ਰਾਹੋਂ ਭੁਲੀ ਏ। ਤੇਰ੍ਹਾਂ ਸਿੰਘਾਂ 'ਮਿੱਤਰ', ਵਾਰੀ ਜਾਨ ਅਣਮੁੱਲੀ ਏ।
ਪੰਥ ਨੂੰ ਵੰਗਾਰ ਪਾਣ ਵਾਲਾ ਸ਼ੈਤਾਨ ਏ। ਕੇਸਰੀ ਫਰੇਰਾ ਸੋਹਣਾ ਪੰਥ ਦਾ ਨਿਸ਼ਾਨ ਏ।

www.AKJ.Org

# ਜਾਪੁ ਸਾਹਿਬ–ਕਾਵਿ ਅਨੁਵਾਦ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ੭੫/੩ ਮੁਲੰਡ ਕਾਲੋਨੀ, ਬੰਬਈ ੮੨]

## ਸਮਾਂ, ਸਥਾਨ ਤੇ ਸਰੀਰ ਦੀ ਹਦ ਤੋਂ ਉੱਚਯ ਪ੍ਰਭੂ

ਏਕ ਅਛਰੀ ਛੰਦ॥

ਅਜੈ ॥ ਅਲੈ ॥ ਅਭੈ ॥ ਅਬੈ ॥੧੮੯॥

ਸ਼ਬਦਾਰਥ :—ਅਜੈ=ਅਜਿੱਤ। ਅਲੈ=ਅ+ਲੈ=ਲੈ ਨਾ ਹੋਣ ਵਾਲਾ, ਨਾਸ ਨਾ ਹੋਣ ਵਾਲਾ। ਅਭੈ=ਨਿਰਭਉ। ਅਬੈ=ਅ+ਬੈ। ਬੈ=ਮੌਤ। ਅਬੈ=ਨ ਮਰਨ ਵਾਲਾ।

ਭਾਵਾਰਥ :—ਪ੍ਰਭੂ ! ਤੈਨੂੰ ਕੋਈ ਜਿਤ ਨਹੀਂ ਸਕਦਾ, ਤੂੰ ਅਬਿਨਾਸ਼ੀ ਹੈਂ, ਨਿਰਭਉ ਹੈਂ ਅਤੇ ਕਦੇ ਵੀ ਮਰਨ ਵਾਲਾ ਨਹੀਂ ਹੈਂ, ਅਮਰ ਹੈਂ।

ਕਾਵਿ ਭਾਵਾਰਥ :—

ਹੇ ਅਜੈ ! ਨਹੀਂ ਤੈਨੂੰ ਕੋਈ ਜਿਤ ਸਕਦਾ, ਹੇ ਅਲੈ ! ਮੌਤ ਤੋਂ ਰਹਿਤ ਹੈਂ ਤੂੰ।
ਹੇ ਅਭੈ ! ਕੋਈ ਡਰ ਨਾ ਪੋਹੇ ਤੈਨੂੰ, ਹੇ ਅਬੈ ! ਨਾਸ ਤੋਂ ਰਹਿਤ ਹੈਂ ਤੂੰ।

ਅਭੂ ॥ ਅਜੂ ॥ ਅਨਾਸ ॥ ਅਕਾਸ ॥੧੯੦॥

ਸ਼ਬਦਾਰਥ—ਅਭੂ=ਅ+ਭੂ। ਭੂ=ਜਨਮ। ਅਭੂ=ਜਨਮ ਮੁਕਤ। ਅਜੂ=ਅਚੱਲ, ਸਥਿਰ। ਅਕਾਸ=ਅਕਾਸ਼ ਵਾਂਗੂ ਸਰਬ ਵਿਆਪਕ।

ਭਾਵਾਰਥ :—ਦਾਤਾ ! ਤੂੰ ਜਨਮ ਰਹਿਤ ਹੈਂ, ਅਚੱਲ ਹੈਂ, ਅਡੋਲ ਹੈਂ, ਨਾਸ ਰਹਿਤ ਹੈਂ ਅਤੇ ਅਕਾਸ਼ ਵਾਂਗੂ ਸਾਰੇ ਹੀ ਪਸਰਿਆ ਹੋਇਆ ਹੈਂ, ਸਰਬ ਵਿਆਪਕ ਹੈਂ।

ਕਾਵਿ ਭਵਾਰਥ :—

ਜਨਮ ਮੁਕਤ ਹੈਂ, ਅਚੱਲ ਸਥਿਰ ਹੈਂ ਤੂੰ, ਨਾਸ ਹੋਵੇਂ ਨਾ ਮੇਰੇ ਅਨਾਸ ਦਾਤਾ !
ਜ਼ੱਰੇ ਜ਼ੱਰੇ ਵਿਚ ਸਦਾ ਵਿਆਪਕ ਹੈਂ ਤੂੰ, ਹੈਂ ਮੌਜੂਦ ਹਰ ਥਾਂ ਜਿਉਂ ਅਕਾਸ਼ ਦਾਤਾ !

ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥੧੯੧॥

ਸ਼ਬਦਾਰਥ :—ਅਗੰਜ=ਅਜਿੱਤ। ਅਭੰਜ=ਜੋ ਤੋੜਿਆ ਨਾ ਜਾ ਸਕੇ। ਅਲੱਖ=ਅਦ੍ਰਿਸ਼ਟ। ਅਭੱਖ=ਜਿਸ ਨੂੰ ਕਿਸੇ ਅਹਾਰ ਦੀ ਲੋੜ ਨਾ ਹੋਵੇ।

ਭਾਵਾਰਥ :—ਤੂੰ ਅਜਿੱਤ ਹੈਂ, ਤੈਨੂੰ ਕੋਈ ਤੋੜ ਨਹੀਂ ਸਕਦਾ। ਤੂੰ ਅਦ੍ਰਿਸ਼ਟ ਹੈਂ ਅਤੇ ਨਾ ਹੀ ਤੈਨੂੰ ਕਿਸੇ ਪ੍ਰਕਾਰ ਦੇ ਅਹਾਰ ਖੁਰਾਕ ਦੀ ਲੋੜ ਹੈ।

ਕਾਵਿ ਭਾਵਾਰਥ :—

ਹੇ ਅਗੰਜ, ਨਹੀਂ ਤੈਨੂੰ ਕੋਈ ਜਿਤ ਸਕਦਾ, ਨਾਲੇ ਸਕੇ ਤੈਨੂੰ ਕੋਈ ਤੋੜ ਨਾਹੀ।
ਹੇ ਅਲੱਖ, ਨਾ ਕਿਸੇ ਨੂੰ ਦਿਸੇਂ ਮੂਲੋਂ, ਤੈਨੂੰ ਕਿਸੇ ਅਹਾਰ ਦੀ ਲੋੜ ਨਾਹੀ।

ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥੧੯੨॥

ਭਾਵਾਰਥ :—ਕਾਲ ਤੈਨੂੰ ਪੋਹ ਨਹੀਂ ਸਕਦਾ, ਤੂੰ ਪਰਮ ਦਿਆਲੂ ਹੈਂ। ਤੇਰਾ ਉਲੇਖ ਜਾਂ ਚਿਤਰ



www.AKJ.Org

ਕੋਈ ਨਹੀਂ ਬਣਾ ਸਕਦਾ, ਤੂੰ ਅਭੇਖ ਹੈਂ।

ਕਾਵਿ ਭਾਵਾਰਥ :–

ਪਰੇ ਕਾਲ ਦੀ ਪਹੁੰਚ ਤੋਂ, ਮਰੇਂ ਨ ਤੂੰ, ਤੇਰਾ ਸਕੇ ਨ ਕੋਈ ਉਲੀਕ ਚਿਤਰ।
ਹੇ ਅਭੇਖ ! ਨ ਤੇਰਾ ਹੈ ਭੇਖ ਕੋਈ, ਤੂੰ ਹੈਂ ਤਰਸ ਤੇ ਦਯਾ ਦਾ ਘਰ ਮਿਤਰ।

ਅਨਾਮ ॥ ਅਕਾਮ ॥ ਅਢਾਹ ॥ ਅਗਾਹ ॥੧੯੩॥

ਭਾਵਾਰਥ :–ਤੇਰਾ ਕੋਈ ਵਿਸ਼ੇਸ਼ ਨਾਉਂ ਨਹੀਂ ਹੈ। ਤੈਨੂੰ ਕੋਈ ਕਾਮਨਾ ਨਹੀਂ ਹੈ। ਤੈਨੂੰ ਕੋਈ ਵੀ ਢਾਹ ਗਿਰਾ ਨਹੀਂ ਸਕਦਾ। ਤੇਰੀ ਕੋਈ ਵੀ ਥਾਹ ਨਹੀਂ ਪਾ ਸਕਦਾ।

ਕਾਵਿ ਭਾਵਾਰਥ :–

ਤੇਰਾ ਕੋਈ ਵਿਸ਼ੇਸ਼ ਇਕ ਨਾਂ ਨਹੀਂ ਹੈ, ਤੇਰੀ ਥਾਹ ਨ ਮਿਲੇ ਅਗਾਹ ਪ੍ਰੀਤਮ।
ਤੈਨੂੰ ਕਾਮਨਾ ਕੋਈ ਨਹੀਂ ਪੋਹ ਸਕਦੀ, ਤੈਨੂੰ ਸਕੇ ਨ ਕੋਈ ਵੀ ਢਾਹ ਪ੍ਰੀਤਮ।

ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥੧੯੪॥

ਸ਼ਬਦਾਰਥ :–ਅਨਾਥ=ਜਿਸ ਦਾ ਕੋਈ ਸੁਆਮੀ ਜਾਂ ਮਾਲਕ ਨ ਹੋਵੇ, ਜਿਸ ਤੋਂ ਵਡਾ ਹੋਰ ਕੋਈ ਨ ਹੋਵੇ। ਪ੍ਰਮਾਥੇ=ਸਭ ਨੂੰ ਨਾਸ ਕਰਨ ਵਾਲਾ। ਅਜੋਨੀ=ਜਿਹੜਾ ਜੂਨੀਆਂ ਵਿਚ ਨਾ ਆਉਂਦਾ ਹੋਵੇ, ਜਿਹੜਾ ਜੰਮਦਾ ਮਰਦਾ ਨਾ ਹੋਵੇ। ਅਮੋਨੀ=ਜੋ ਮੋਨ ਸਾਧ ਕੇ ਬੈਠ ਨ ਸਕਦਾ ਹੋਵੇ, ਚੁਪ ਗੁਪ ਨ ਹੋਵੇ।

ਭਾਵਾਰਥ :–ਤੇਰਾ ਕੋਈ ਮਾਲਕ ਜਾਂ ਸੁਆਮੀ ਨਹੀਂ ਹੈ। ਸਭ ਨੂੰ ਤੂੰ ਹੀ ਨਾਸ ਕਰਨ ਵਾਲਾ ਹੈਂ, ਤੂੰ ਜੂਨਾਂ ਜਨਮਾਂ ਵਿਚ ਨਹੀਂ ਪੈਂਦਾ। ਤੂੰ ਚੁਪ ਮੋਨ ਬੈਠਣ ਵਾਲਾ ਨਹੀਂ।

ਕਾਵਿ ਭਾਵਾਰਥ :–

ਤੇਰਾ ਸੁਆਮੀ ਨਹੀਂ ਕੋਈ, ਸਰਬੋਤਮ ਹੈਂ ਤੂੰ, ਕਰੇਂ ਨਾਸ ਸਭ ਦਾ ਮਾਰਨਹਾਰ ਦਾਤਾ।
ਹੇ ਅਮੋਨੀ ! ਨ ਸੁੰਨ ਮੁੰਨ ਤੂ ਕਦੇ ਬੈਠੇਂ, ਜਨਮ ਜੂਨਾਂ ਤੋਂ ਮੁਕਤ ਦਾਤਾਰ ਦਾਤਾ।

ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥੧੯੫॥

ਭਾਵਾਰਥ :–ਪ੍ਰਭੂ ਤੇਰਾ ਕਿਸੇ ਨਾਲ ਮੋਹ ਨਹੀਂ, ਤੂੰ ਰੰਗ, ਰੂਪ ਤੇ ਰੇਖ ਆਦਿ ਚਿੰਨ੍ਹਾਂ ਤੋਂ ਮੁਕਤ ਹੈਂ।

ਕਾਵਿ ਭਾਵਾਰਥ :–

ਤੈਨੂੰ ਕਿਸੇ ਸੰਗ ਮੋਹ ਨ ਨੇਹੁ ਜ਼ਿਆਦਾ, ਤੇਰਾ ਚਿੰਨ੍ਹ ਨ ਕੋਈ ਹੈ ਰੇਖ ਕੋਈ।
ਤੇਰਾ ਕੋਈ ਵਿਸ਼ੇਸ਼ ਇਕ ਰੰਗ ਨਹੀਂ, ਤੇਰਾ ਰੂਪ ਨਹੀਂ, ਨਾ ਹੀ ਭੇਖ ਕੋਈ।

ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥੧੯੬॥

ਭਾਵਾਰਥ :–ਤੂੰ ਕੰਮਾਂ ਕਾਰਾਂ ਤੋਂ ਮੁਕਤ ਹੈਂ। ਤੈਨੂੰ ਕੋਈ ਭਰਮ ਨਹੀਂ ਹੈ। ਤੈਨੂੰ ਕੋਈ ਜਿੱਤ ਨਹੀਂ ਸਕਦਾ। ਤੂੰ ਲੇਖਣੀ ਵਿਚ ਨਹੀਂ ਆ ਸਕਦਾ। ਤੇਰਾ ਕੋਈ ਚਿਤਰ ਨਹੀਂ ਉਲੀਕਿਆ ਜਾ ਸਕਦਾ।

ਕਾਵਿ ਭਾਵਾਰਥ :–

ਤੂੰ ਅਜਿੱਤ, ਨਹੀਂ ਕੋਈ ਤੈਨੂੰ ਜਿੱਤ ਸਕਦਾ, ਕੰਮਾਂ ਕਾਰਾਂ ਤੋਂ ਮੁਕਤ ਅਕਰਮ ਦਾਤਾ।
ਹੋ ਨਹੀਂ ਸਕਦਾ ਤੇਰਾ ਉਲੇਖ ਕੋਈ, ਤੈਨੂੰ ਕੁਝ ਭੁਲੇਖਾ ਨ ਭਰਮ ਦਾਤਾ।



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

# ਇਕ ਬਹੁ-ਪੱਖੀ ਉਚਤਮ ਵਿਅਕਤੀ

[ ਵਲੋਂ—ਭਾਈ ਬਲਵੰਤ ਸਿੰਘ ਜੀ ਨੂਰ, ਲੁਧਿਆਣਾ ]

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਮਨੁਖਾ ਜਾਮੇ ਵਿਚ ਇਕ ਐਸੀ ਰੱਬੀ ਵਿਅਕਤੀ ਸਨ ਜਿਨ੍ਹਾਂ ਦਾ ਨਿਜ-ਤਵ ਬਿਲਕੁਲ ਰੱਬੀ ਤਤ੍ਵ ਵਿਚ ਘੁਲ ਮਿਲ ਗਿਆ ਹੋਵੇ ਤੇ ਕਾਦਰ ਉਨ੍ਹਾਂ ਵਿਚ ਵਸ ਕੇ ਉਨ੍ਹਾਂ ਪਾਸੋਂ ਸੱਚੇ ਮਾਰਗ ਤੇ ਸਰਬ ਹਿਤ ਲਈ ਆਪ ਕੰਮ ਕਰਾਉਂਦਾ ਹੋਵੇ । ਉਨ੍ਹਾਂ ਦੇ ਜੀਵਨ ਦਾ ਹਰ ਪੱਖੀ-ਉਸਾਰ ਤੇ ਪਸਾਰ ਰੱਬੀ ਹੁਕਮਾਂ ਅਨੁਸਾਰ ਰੱਬੀ ਸ਼ਕਤੀ ਰਾਹੀਂ ਹੁੰਦਾ ਹੈ। ਭਾਈ ਸਾਹਿਬ ਇਕ ਇਹੋ ਜਿਹੀ ਉਚਤਮ ਵਿਅਕਤੀ ਸਨ ਜੋ ਸਦਾ ਸਿਮਰਨ-ਹੁਲਾਰਿਆਂ ਤੇ ਰੱਬੀ ਝਲਕਾਰਿਆਂ ਵਿਚ ਸਾਈਂ ਦੇ ਦਰ ਤੇ ਢਾਡੀ ਦੇ ਰੂਪ ਵਿਚ, ਅੰਦਰਲੀ ਜੋਤਿ-ਉਮਾਹਾ ਵਿਚ ਸਦਾ ਜੀਵੇ । ਤੇ ਜੀਵਨ ਵਿਚ ਸਖ਼ਤ ਤੋਂ ਸਖ਼ਤ ਮੁਸੀਬਤਾਂ ਤੇ ਤਕਲੀਫ਼ਾਂ ਇਨ੍ਹਾਂ ਨੂੰ ਆਪਣੇ ਜੀਵਨ-ਨਿਸ਼ਾਨੇ ਤੋਂ ਡੁਲਾ ਨਾ ਸਕੀਆਂ ਤੇ ਇਹ ਇਕ ਰਸਿਕ-ਬੈਰਾਗੀ ਤੇ ਗੁਰਮਤਿ ਸੂਰੇ ਰਹਿ ਕੇ ਪੂਰੇ ਗੁਰਸਿਖ ਸਾਬਤ ਹੋਏ ।

ਇਕ ਵਾਰ ਸੰਤ ਬਾਬਾ ਵਿਸਾਖਾ ਸਿੰਘ ਜੀ ਦਦਹੇਰ, ਜਿਹੜੇ ਆਪ ਉਚ ਕਮਾਈ ਵਾਲੇ ਸੁਰਸਿਖ ਤੇ ਸੁਤੰਤ੍ਰਤਾ-ਸੰਗਰਾਮੀ ਦੇਸ਼ ਭਗਤਾਂ ਵਿਚੋਂ ਮੋਢੀ ਸਨ, ਨੇ ਇਨ੍ਹਾਂ ਦੀ ਬਾਬਤ ਫ਼ੁਰਮਾਇਆ ਸੀ ਕਿ, "ਇਸ ਸਮੇਂ ਜੇ ਕਿਸੇ ਨੇ ਪੂਰਨ ਗੁਰਸਿਖ ਦੇ ਦਰਸ਼ਨ ਕਰਨੇ ਹੋਣ ਤਾਂ ਉਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਹੋਰਾਂ ਦੇ ਦਰਸ਼ਨ ਕਰੇ । ਦੇਸ਼ ਦੀ ਆਜ਼ਾਦੀ ਲਈ ਭਾਵੇਂ ਅਸਾਂ ਵੀ ਕਾਲੇ ਪਾਣੀ ਦੀ ਜੇਲ੍ਹ ਵਿਚ ਬਹੁਤ ਦੁਖ ਤਕਲੀਫ਼ਾਂ ਉਠਾਈਆਂ ਹਨ, ਪਰ ਜੋ ਕਸ਼ਟ ਭਾਈ ਸਾਹਿਬ ਜੀ ਨੇ ਬਬੇਕੀ ਤੇ ਗੁਰਸਿੱਖੀ ਦੇ ਜੀਵਨ ਨੂੰ ਨਿਭਾਉਂਦਿਆਂ ਉਠਾਏ ਹਨ, ਉਨ੍ਹਾਂ ਵਰਗੇ ਉਹ ਆਪ ਹੀ ਹੋ ਸਕਦੇ ਹਨ ।"

ਭਾਈ ਸਾਹਿਬ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹੁਕਮਾਂ ਤੇ ਅਸੂਲਾਂ ਤੇ ਚਲਣ ਵਾਲੇ ਸੰਤ ਸਿਪਾਹੀ ਅਕਾਲੀ ਸੂਰਮੇ ਸਨ ਤੇ ਸਾਹਿਬਾਂ ਦੇ ਅਤਿ ਪ੍ਰੇਮੀ ਤੇ ਆਸ਼ਕ ਸਨ । ਦਸਮੇਸ਼ ਪਿਤਾ ਦੇ ਅਨੇਕ-ਪੱਖੀ ਉਚਤਮ ਜੀਵਨ ਦੇ ਪੂਰਨਿਆਂ ਤੇ ਤੁਰਨ ਵਾਲੇ ਗੁਰਸਿਖਾਂ ਵਿਚ ਆਪ ਮੂਹਰਲੀ ਕਤਾਰ ਵਿਚ ਖੜੇ ਦਿਸਦੇ ਹਨ । ਪਰ ਆਮ ਸਿੱਖ ਜਨਤਾ ਆਪ ਜੀ ਨੂੰ ਕੇਵਲ ਕੀਰਤਨ ਦੇ ਰਸੀਏ, ਅਖੰਡ ਕੀਰਤਨ ਕਰਨ ਵਾਲੇ, ਸਿਮਰਨ ਕਮਾਈ ਵਾਲੇ ਤੇ ਪੂਰੇ ਰਹਿਤਵਾਨ ਗੁਰਸਿਖ ਹੀ ਸਮਝਦੇ ਹਨ । ਇਨ੍ਹਾਂ ਦੇ ਜੀਵਨ ਦੇ ਦੂਸਰੇ ਸੁਨਹਿਰੀ ਪੱਖਾਂ ਵਲ ਘਟ ਹੀ ਗਹੁ ਕਰਕੇ ਵਿਚਾਰਿਆ ਤੇ ਪਰਚਾਰਿਆ ਗਿਆ ਹੈ। ਜਿਸ ਕਰਕੇ ਜਨਤਾ ਵਿਚ ਇਨ੍ਹਾਂ ਦੇ ਪੂਰੇ ਵਿਅੱਕਤਵ ਦੀ ਸੋਝੀ ਨ ਹੋਣ ਕਰਕੇ ਇਨ੍ਹਾਂ ਦੇ ਜੀਵਨ-ਉਦੇਸ਼ਾਂ ਜਾਂ ਰਹਿਤ ਮਰਯਾਦਾ ਨੂੰ ਉਤਨਾ ਪਰਚਾਰਿਆ ਨਹੀਂ ਗਿਆ, ਜਿਤਨਾ ਹੋਣਾ ਚਾਹੀਦਾ ਸੀ ।

ਆਪ ਜੀ ਦੀ ਕੁਰਬਾਨੀ ਨੂੰ ਸਿਰਫ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੁਣ ਦੀ ਮੁਖ਼ਾਲਫ਼ਤ ਕਰਨ ਦੇ ਦੋਸ਼ ਵਿਚ ਇਕ ਕੁਰਬਾਨੀ ਤਕ ਹੀ ਸੀਮਤ ਰਖ ਕੇ ਛੁਟਿਆਇਆ ਜਾਂਦਾ ਹੈ, ਪਰ ਆਪ ਦੇ ਕੇਸ ਸਮੇਂ ਆਪ ਤੇ ਤਿੰਨ ਫ਼ਰਦ ਜੁਰਮ ਲਾਏ ਗਏ ਸਨ : (੧) ਗੁਰਦਵਾਰਾ ਰਕਾਬ ਗੰਜ ਦੀ ਕੰਧ ਬਾਬਤ ਬਗ਼ਾਵਤ, (੨) ਸ: ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਰਜਮੈਂਟਾਂ ਵਿਚ ਅੰਗਰੇਜ਼ਾਂ ਬਰ-ਖ਼ਿਲਾਫ਼ ਬਗ਼ਾਵਤ ਫੈਲਾਉਣੀ, (੩) ਜੁਗ-ਪਲਟਾਊ ਪਾਰਟੀ ਦੇ ਲੀਡਰ ਰਾਸ ਬਿਹਾਰੀ ਬੋਸ ਦੇ ਕਹੇ ਅਨੁਸਾਰ ਕਰਾਂਤੀ ਲਿਆਉਣੀ ।



www.AKJ.Org

ਪੂਰੇ ਗੁਰਸਿੱਖ ਤੇ ਮੋਢੀ ਦੇਸ਼-ਭਗਤ ਹੋਣ ਤੋਂ ਛੁੱਟ ਆਪ ਜੀ ਇਕ ਉਚੇ ਗੁਰਮਤਿ ਲਿਖਾਰੀ ਤੇ ਸ੍ਰੇਸ਼ਟ ਕਵੀ ਸਨ। ਆਪ ਨੇ ਦੋ ਦਰਜਨ ਤੋਂ ਵੱਧ ਬਹੁਤ ਵਡਮੁੱਲੇ ਗੁਰਮਤਿ-ਗਿਆਨ ਤੇ ਫਿਲਾਸਫ਼ੀ ਦੀਆਂ ਪੁਸਤਕਾਂ ਲਿਖੀਆਂ ਹਨ। ਗੁਰਮਤਿ ਸੰਬੰਧੀ ਸਾਡੇ ਪੁਰਾਣੇ ਲਿਖਾਰੀਆਂ ਦੀਆਂ ਲਿਖਤਾਂ ਬ੍ਰਾਹਮਣ-ਵਾਦ ਤੇ ਵੇਦਾਂਤਵਾਦ ਦੇ ਹਿੰਦੂ ਫ਼ਿਲਸਫ਼ੇ ਦੇ ਮਿਲਗੋਭ ਦੇ ਅਸਰ ਹੇਠ ਲਿਖੀਆਂ ਜਾਂਦੀਆਂ ਰਹੀਆਂ ਹਨ, ਪਰ ਭਾਈ ਸਾਹਿਬ ਨੇ ਜਿਤਨੇ ਵਿਚਾਰ ਲਿਖੇ ਹਨ ਉਹ ਇਨ੍ਹਾਂ ਅਸਰਾਂ ਤੋਂ ਦੂਰ ਹੋ ਕੇ ਗੁਰਮਤਿ ਦੀ ਸੁਤੰਤਰ ਤੇ ਨਿਵੇਕਲੀ ਹੋਂਦ ਵਿਚ ਲਿਖੇ ਹਨ, ਜਿਸ ਕਰਕੇ ਇਨ੍ਹਾਂ ਦੀਆਂ ਲਿਖਤਾਂ ਤੋਂ ਗੁਰਮਤਿ ਦਾ ਤੱਤ ਤੇ ਸਹੀ ਸਰੂਪ ਸਾਹਮਣੇ ਆਉਂਦਾ ਹੈ। ਖੂਬੀ ਇਹ ਹੈ ਕਿ ਵਿਚਾਰ ਦੇ ਨਾਲ ਗੁਰਮਤਿ ਸਾਧਨ ਪੱਖ ਨੂੰ ਵੀ ਨਾਲ ਹੀ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ, ਗੁਰਸਿਖੀ ਨੂੰ ਜੀਵਨ ਵਿਚ ਕਮਾਉਣ ਲਈ ਗੁਰਮੁਖ ਗਾਡੀ ਰਾਹ ਦਾ ਕੰਮ ਦੇਂਦੀਆਂ ਹਨ। ਇਹ ਘਿਉ ਤੇ ਖੰਡ ਦਾ ਸੁਮੇਲ ਹਨ, ਜਿਸ ਨੂੰ ਸਿਮਰਨ ਕਮਾਈ ਵਾਲੇ ਛਕ ਕੇ ਆਪਣੀਆਂ ਆਤਮਾਵਾਂ ਨੂੰ ਬਲਵਾਨ ਤੇ ਬੁੱਧੀ ਨੂੰ ਪ੍ਰਕਾਸ਼ਵਾਨ ਬਣਾ ਸਕਦੇ ਹਨ। ਜੇਲ੍ਹ ਚਿੱਠੀਆਂ, ਗੁਰਮਤਿ ਨਾਮ ਅਭਿਆਸ ਕਮਾਈ, ਸਚਖੰਡ ਦਰਸ਼ਨ ਚਰਨ ਕਮਲ ਕੀ ਮੌਜ, ਗੁਰਮਤਿ ਬਿਬੇਕ, ਗੁਰਮਤਿ ਕਰਮ ਫਿਲਾਸਫ਼ੀ ਆਦਿ ਤੇ ਕਈ ਛੋਟੇ ਟ੍ਰੈਕਟ ਆਪ ਜੀ ਨੇ ਪਰਚਾਰ ਹਿਤ ਲਾਗਤ ਦਰਾਂ ਤੇ ਪਰਕਾਸ਼ਤ ਕੀਤੀਆਂ। ਕਵਿਤਾਵਾਂ ਦੀਆਂ ਦੋ ਪੁਸਤਕਾਂ 'ਦਰਸ਼ਨ ਝਲਕਾਂ' ਤੇ 'ਜੋਤਿ ਵਿਗਾਸ' ਜਿਹੜੀਆ ਉਚੇ ਸੁੱਚੇ ਰੱਬੀ ਪਿਆਰ, ਗੁਰ ਸਿਖ ਦੇ ਹਿਰਦੇ ਰੱਬੀ ਦਰਸ਼ਨਾਂ ਲਈ ਬ੍ਰਿਹੋਂ-ਤਰਾਟਾਂ ਤੇ ਵਲਵਲੇ ਪੂਰਤ ਨਦੀ ਦੇ ਵਹਿਣ ਵਾਂਗ ਵਗ ਰਹੀਆਂ ਵਲਵਲਿਆਂ ਦੇ ਹੜ੍ਹਾਂ ਦੇ ਵਿਚ ਸ੍ਰੇਸ਼ਟ ਭਾਵੀ ਕਵਿਤਾਵਾਂ ਹਨ। ਕਈ ਕਵਿਤਾਵਾਂ ਵਿਚ ਏਨੀ ਮਸਤੀ ਤੇ ਰਵਾਨਗੀ ਹੈ ਕਿ ਪ੍ਰੋ: ਪੂਰਨ ਸਿੰਘ ਦੀ ਮਸਤੀ ਦੀ ਲੋਰ ਨੂੰ ਪਿਛੇ ਛਡ ਜਾਂਦੀ ਹੈ। ਸਾਡੇ ਸਾਹਿੱਤ ਦੇ ਵਿਦਵਾਨਾਂ ਤੇ ਪੰਜਾਬ ਦੀਆਂ ਯੂਨੀ-ਵਰਸਿਟੀਆਂ ਨੇ ਆਪ ਦੀਆਂ ਰਚਨਾਵਾਂ ਵਲ ਕੋਈ ਧਿਆਨ ਨਹੀਂ ਦਿੱਤਾ, ਜਿਸ ਦੀ ਕਿ ਬੜੀ ਲੋੜ ਹੈ। ਭਾਈ ਸਾਹਿਬ ਵੀਰ ਸਿੰਘ ਜੀ ਤੋਂ ਬਾਅਦ ਸਹੀ ਅਰਥਾਂ ਵਿਚ ਆਪ ਜੀ ਹੀ ਅਧਿਆਤਮਕਵਾਦੀ ਤੇ ਅਨਭਵੀ ਗੁਰਮਤਿ ਲਿਖਾਰੀ ਹੋਏ ਹਨ ਤੇ ਇਨ੍ਹਾਂ ਦੀਆਂ ਰਚਨਾਵਾਂ ਦੀ ਵੀ ਉਸੇ ਤਰ੍ਹਾਂ ਸਾਹਿੱਤਕ ਆਲੋਚਨਾਤਮਕ ਪ੍ਰਸ਼ੰਸਾ ਹੋਣੀ ਚਾਹੀਦੀ ਹੈ। ਪਰ ਦੁਖ ਦੀ ਗੱਲ ਹੈ ਕਿ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਆਪ ਦਾ ਨਾਮ ਤਕ ਵੀ ਨਹੀਂ ਆਉਂਦਾ।

ਆਪ ਜੀ ਨੇ ਆਪਣੇ ਕਮਾਈ ਵਾਲੇ ਅਮਲੀ ਜੀਵਨ ਦੀ ਸੇਧ ਵਿਚ ਆਪਣੀ ਲੇਖਣੀ ਦੁਆਰਾ ਗੁਰਮਤਿ ਦਰਸ਼ਨ ਤੇ ਸਾਹਿੱਤ ਦੀ ਭਾਰਤ ਦਰਸ਼ਨ ਵਿਚ ਸੁਤੰਤਰ ਤੇ ਨਿਵੇਕਲੀ ਥਾਂ ਬਣਾਈ ਹੈ। ਨਾਲ ਹੀ ਜਿਥੇ ਆਪ ਨੇ ਇਸ ਰਿਸ਼ੀਆਂ ਮੁਨੀਆਂ ਦੀ ਧਰਤੀ ਦੀ ਸੰਸਕ੍ਰਿਤ ਹੋਂਦ ਨੂੰ, ਕਾਇਮ ਰਖਣ ਲਈ ਸਤਿਗੁਰੂ ਦੇ ਦ੍ਰਿੜ੍ਹਾਏ ਗੁਰਮਤਿ ਅਸੂਲਾਂ ਨੂੰ ਦ੍ਰਿੜ੍ਹਾਉਣ ਲਈ, ਪੁਰਸ਼ਾਂ ਲਈ ਰਿਸ਼ੀਆਂ ਵਾਂਗ ਕੇਸਾਧਾਰੀ ਤੇ ਰੱਬੀ ਵਿਸ਼ਵਾਸ ਵਿਚ ਨਾਮ ਸਿਮਰਨ ਤੇ ਜ਼ੋਰ ਦਿਤਾ, ਅਤੇ ਬਿਬੇਕੀ ਤਨ ਤੇ ਬਿਬੇਕੀ ਮਨ ਬਣਾਉਣ ਲਈ ਕਿਹਾ ਹੈ, ਉਥੇ ਉਨ੍ਹਾਂ ਨੇ ਬੀਬੀਆਂ ਨੂੰ ਸੀਸ ਤੇ ਜੂੜਾ ਤੇ ਕੇਸਕੀ ਸਜਾ ਕੇ ਰਖਣ ਦੇ ਗੁਰਮਤਿ ਅਸੂਲ ਨਾਲ, ਨਾਰੀ ਨੂੰ ਦੁਨਿਆਵੀ ਵਿਸ਼ਿਆਂ ਤੋਂ ਹੋੜ ਕੇ ਭਾਰਤੀ ਸੰਸਕ੍ਰਿਤੀ ਦੀ ਪ੍ਰੋੜ੍ਹਤਾ ਵਿਚ ਆਤਮ-ਰਸ ਦੀ ਪਰਾਪਤੀ ਲਈ ਤਿਆਰ ਕੀਤਾ ਹੈ। ਕਿਉਂਕਿ ਕੇਸਾਂ ਦੇ ਫੈਸ਼ਨਾਂ (ਜ਼ੁਲਫ਼ਾਂ ਤੇ ਪਟਿਆਂ ਹਿੰਦੂਆਂ ਵਾਂਗ) ਨਾਲ ਝੂਠੇ ਕਲਪਿਤ ਸ਼ਿੰਗਾਰ ਤੇ ਵਿਕਾਰ ਹੀ ਇਸਤ੍ਰੀ ਵਿਚ ਪੈਦਾ ਹੁੰਦੇ ਹਨ।

੧੯੪੪ ਵਿਚ (ਸੰਤ) ਡਾਕਟਰ ਬਸੰਤ ਸਿੰਘ ਜੀ ਸੇਖਵਾਂ ਦੇ ਗ੍ਰਿਹ ਸਮਾਗਮ ਤੇ ਕੁਝ ਪ੍ਰੇਮੀਆਂ ਵਲੋਂ ਭਾਈ ਸਾਹਿਬ ਨੂੰ ਬੇਨਤੀ ਕੀਤੀ ਗਈ ਸੀ ਕਿ ਬੀਬੀਆਂ ਦੀ ਦਸਤਾਰ ਦੀ ਸ਼ਰਤ ਨੂੰ ਜੇ ਨਰਮ ਕਰ ਦਿੱਤਾ ਜਾਵੇ ਤਾਂ ਬਹੁਤ ਸਾਰੇ ਮਾਈ ਭਾਈ ਅੰਮ੍ਰਿਤ


www.AKJ.Org

ਸਿੰਚਾਰ ਵਿਚ ਸ਼ਾਮਲ ਹੋ ਕੇ ਨਾਮ ਸਿਮਰਨ ਦੇ ਲਾਹੇ ਲੈ ਸਕਦੇ ਹਨ । ਦੂਜੇ ਇਹ ਅੰਮ੍ਰਿਤ ਸਿੰਚਾਰ ਦੀ ਰਸਮ ਆਮ ਪਰਚਲਤ ਹੋ ਸਕਦੀ ਹੈ। ਪਰ ਆਪ ਨੇ ਕੜਕਵੀਂ ਆਵਾਜ਼ ਵਿਚ ਕਿਹਾ ਸੀ, ਇਹ ਗੁਰਮਤਿ ਰਹਿਣੀ ਦਾ ਮੁਢਲਾ ਅਸੂਲ ਹੈ, ਇਹ ਹਟ ਨਹੀਂ ਸਕਦਾ। ਬੀਬੀਆਂ ਦੇ ਸਿਰਾਂ ਤੇ ਜੂੜਾ ਸੀਤਾ ਆਦਿ ਵਾਂਗ ਪੁਰਾਤਨ ਭਾਰਤੀ ਨਾਰੀਆਂ ਦੀ ਸੰਸਕ੍ਰਿਤਕ ਨਿਸ਼ਾਨੀ ਹੈ, ਗੁੱਤਾਂ ਮੁਸਲਮਾਨੀ ਰੀਤ ਹੈ ਤੇ ਵੇਕਾਰੀ ਨਿਸ਼ਾਨੀ ਹੈ। ਨਾਰੀ ਨੂੰ ਪੁਰਸ਼ ਪਰਕਿਰਤੀ ਵਿਚ ਆਉਣਾ ਪਵੇਗਾ, ਜੇਕਰ ਉਹ ਆਤਮ-ਰਸ ਮਾਣ ਕੇ ਆਪਣੀ ਕਲਿਆਨ ਕਰਨਾ ਚਾਹੁੰਦੀ ਹੈ।

ਭਾਈ ਸਾਹਿਬ ਦੇ ਪ੍ਰੇਮੀਆਂ ਦੇ ਦਰਸ਼ਨਾਂ ਤੇ ਮੇਲ-ਮਿਲਾਪ ਤੋਂ ਦੂਸਰਾ ਮਿਲਣ ਵਾਲਾ ਸਜਣ, ਜਿਸ ਨੂੰ ਕੁਝ ਆਤਮਕ ਖਿੱਚ ਹੋਵੇ, ਜ਼ਰੂਰ ਹੀ ਪ੍ਰਭਾਵਿਤ ਹੋ ਜਾਂਦਾ ਹੈ । ਇਨ੍ਹਾਂ ਦੇ ਸਾਦੇ ਰਹਿਣ ਸਹਿਣ, ਨਾਮ ਅਭਿਆਸੀ ਨਿੰਮ੍ਰਤਾ ਵਾਲਾ ਜੀਵਨ ਪੜ੍ਹੇ ਲਿਖੇ ਵਿਦਵਾਨ, ਚੰਗੀਆਂ ਨੌਕਰੀਆਂ ਵਾਲੇ, ਕਾਰਖਾਨਿਆਂ ਵਾਲੇ ਤੇ ਧਨੀ ਪੁਰਸ਼ ਅਕਾਲੀ ਬਾਣਿਆਂ ਵਿਚ ਦੇਖ ਕੇ ਕਈਆਂ ਨੂੰ ਹੈਰਾਨਗੀ ਹੁੰਦੀ ਹੈ ਕਿ ਵਾਹਿਗੁਰੂ ਜੀ ਦੀ ਇਨ੍ਹਾਂ ਤੇ ਕਿੰਨੀ ਕੁ ਅਪਾਰ ਕਿਰਪਾ ਹੈ। ਆਖ਼ਰ ਇਸ ਵਿਚ ਰਾਜ਼ ਕੀ ਹੈ। ਖਾਲਸਾ ਵਾਹਿਗੁਰੂ ਜੀ ਦੀ ਫ਼ੌਜ ਹੈ ਤੇ ਕਲਗੀ-ਧਰ ਪਿਤਾ ਇਸ ਦੇ ਰਚਣਹਾਰੇ ਹਨ । ਗੁਰਸਿਖ ਦੇ ਅੰਦਰ ਜੋ ਗੁਰਸਿਖੀ ਦੀ ਕਲਾ ਵਰਤਦੀ ਹੈ ਉਹ ਆਪ ਹੀ ਜਾਣਨ, ਪਰ ਬਾਹਰੋਂ ਵਿਚਾਰ ਗੋਚਰ ਇਹ ਸ਼ਬਦ ਕਹਿਣੇ ਪੈਂਦੇ ਹਨ ਕਿ ਸਾਡੇ ਆਮ ਪਰਚਲਤ ਅੰਮ੍ਰਿਤ-ਸੰਸਕਾਰਾਂ ਵਿਚ ਜਿਥੇ ਹੋਰ ਸਭ ਸੰਸਕਾਰ ਹੁੰਦੇ ਹਨ, ਉਥੇ ਅੰਮ੍ਰਿਤ ਨਾਮ ਦ੍ਰਿੜ੍ਹਾਉਣ ਦੀ ਪੰਜਾਂ ਪਿਆਰਿਆਂ ਵਲੋਂ ਸੇਵਾ ਤੇ ਬਖ਼ਸ਼ਸ਼ ਨਹੀਂ ਹੁੰਦੀ, ਜਿਸ ਕਰਕੇ ਅੰਮ੍ਰਿਤ-ਅਭਿਲਾਸ਼ੀ ਦੇ ਅੰਦਰ ਅੰਮ੍ਰਿਤ-ਕਲਾ ਪ੍ਰਗਟ ਹੋ ਕੇ ਸਾਸ-ਗਿਰਾਸੀ ਨਾਮ ਸਿਮਰਨ ਆਰੰਭ ਨਹੀਂ ਹੋ ਸਕਦਾ । ਮੇਰਾ ੧੯੪੩ ਤੋਂ ਡਾ: ਬਸੰਤ ਸਿੰਘ ਜੀ ਸੇਖਵਾਂ ਵਾਲਿਆਂ ਦੀ ਕਿਰਪਾ ਨਾਲ ਭਾਈ ਸਾਹਿਬ ਨਾਲ ਮੇਲ ਹੋਇਆ ਤੇ ਇਸ ਦਾਤਿ ਨੂੰ ਪ੍ਰਾਪਤ ਕੀਤਾ । ਦਾਸ ਭਾਵੇਂ ਨਿਗੁਣਾ ਜਿਹਾ ਢਿਲਣ ਸਿੱਖ ਹੈ, ਪ੍ਰੰਤੂ ਆਪਣੇ ਅਨੁਭਵ ਤੋਂ ਕਹਿ ਸਕਦਾ ਹਾਂ ਕਿ ਇਸ ਅੰਮ੍ਰਿਤ-ਸਿੰਚਾਰ ਦੀ ਰੀਤ ਆਮ ਅੰਮ੍ਰਿਤ-ਸਮਾਗਮਾਂ ਵਿਚ ਨਹੀਂ। ਤਖ਼ਤਾਂ ਤੇ ਜ਼ਰੂਰ ਹੀ ਇਸ ਬਾਰੇ ਪਰਸਪਰ ਸੋਚ ਵਿਚਾਰ ਹੋਣੀ ਚਾਹੀਦੀ ਹੈ ਤੇ ਪੰਜਾਂ ਪਿਆਰਿਆਂ ਵਲੋਂ ਨਾਮ ਦ੍ਰਿੜ੍ਹ ਕਰਾਉਣ ਦੀ ਬਖਸ਼ਸ਼ ਹਰ ਇਕ ਅੰਮ੍ਰਿਤ-ਅਭਿਲਾਸ਼ੀ ਨੂੰ ਮਿਲਣੀ ਚਾਹੀਦੀ ਹੈ ।* ਕਿਉਂਕਿ ਪਖੰਡੀ ਸੰਤ ਤੇ ਡੰਮੀ ਗੁਰੂ ਦੂਜਿਆਂ ਨੂੰ ਨਾਮ ਦੇ ਕੇ ਹੀ ਸਿਖ ਬਣਾਉਂਦੇ ਹਨ। ਪੰਜਾਂ ਪਿਆਰਿਆਂ ਵਲੋਂ ਜਦੋਂ ਇਹ ਦਾਤਿ ਮਿਲਣ ਤੇ ਅੰਦਰੋਂ ਮੰਨ ਕੀਲਿਆ ਜਾਵੇਗਾ ਤਾਂ ਫੇਰ ਬਾਹਰੀ ਦੌੜ-ਭੱਜ ਮੁਕ ਜਾਵੇਗੀ ਤੇ ਨਾਲ ਹੀ ਮਾਸ ਸ਼ਰਾਬ ਤੋਂ ਵੀ ਕੌਮ ਨੂੰ ਆਪਣੇ ਆਪ ਮੁਕਤੀ ਮਿਲ ਜਾਵੇਗੀ।

ਭਾਈ ਸਾਹਿਬ ਜੀ ਬਾਬਤ ਇਸ ਛੋਟੇ ਲੇਖ ਵਿਚ ਵਧੇਰੇ ਲਿਖ ਸਕਣਾ ਮੁਸ਼ਕਲ ਹੈ । ਉਸ ਗੁਰੂ ਵਰਸਾਏ ਗੁਰਮੁਖ, ਸੰਤ ਸਿਪਾਹੀ ਤੇ ਸ਼ਾਹੀ ਫ਼ਕੀਰ ਦੇ ਨੂਰੀ ਮਸਤਕ ਤੇ ਜਲਾਲੀ ਦਰਸ਼ਨ ਤੋਂ ਹੀ, ਸ਼ਰਧਾਲੂ ਦੇ ਅੰਦਰਲੇ ਪਾਪ ਕੰਬਣ ਲਗ ਪੈਂਦੇ ਸਨ ਤੇ ਉਨ੍ਹਾਂ ਕੋਲ ਕੁਝ ਸਮਾਂ ਬੈਠਿਆਂ ਹੀ ਅੰਦਰੋਂ ਸਿਮਰਨ ਦੀ ਲਹਿਰ ਕਿਸੇ ਅਗੰਮੀ ਰਸ ਵਿਚ ਸ਼ੁਰੂ ਹੋ ਜਾਂਦੀ ਸੀ। ਕੀਰਤਨ ਕਰਦਿਆਂ ਜਦ ਵਾਹਿਗੁਰੂ ਨਾਮ ਦੀ ਧੁਨੀ ਲਾਉਂਦੇ ਜਾਂ ਧੰਨ ਗੁਰੂ ਗੋਬਿੰਦ ਸਿੱਘ ਸਾਹਿਬ ਦੀ ਧੁੰਨ ਲਗਦੀ ਤਾਂ ਹਰ ਇਕ ਤੇ ਬੇਸੁਧੀ ਜਿਹੀ ਛਾ ਜਾਂਦੀ ਤੇ ਇਉਂ ਲਗਦਾ ਜਿਕਰ ਗੁਰਦੇਵ ਕਲਗੀਧਰ ਪਿਤਾ ਰੱਬੀ ਜੋਤਿ ਵਿਚ ਸੰਗਤ

* ਨਾਮ ਦੀ ਦ੍ਰਿੜ੍ਹਤਾ ਤੋਂ ਬਗੈਰ ਅੰਮ੍ਰਿਤ-ਸਿੰਚਾਰ ਨਿਰੀ ਬੇਜਾਨ ਤੇ ਫੋਕੀ ਜਿਹੀ ਰਸਮ ਰਹਿ ਜਾਂਦੀ ਹੈ, ਜਿਸ ਨਾਲ ਪ੍ਰਾਣੀ ਦਾ ਕੁਝ ਨਹੀਂ ਸੌਰਦਾ ਅਤੇ ਥੋੜੇ ਸਮੇਂ ਪਿਛੋਂ ਹੀ ਕਕਾਰ ਲਥ ਜਾਂਦੇ ਹਨ ਤੇ ਸਿੱਖੀ ਵਿਸ਼ਵਾਸ ਦਾ ਵੀ ਭੋਗ ਪੈ ਜਾਂਦਾ ਹੈ। ਪਰ ਜੇ ਅੰਮ੍ਰਿਤ-ਸਿੰਚਾਰ ਸਮੇਂ ਪੰਜਾਂ ਪਿਆਰਿਆਂ ਵਲੋਂ ਨਾਮ ਦ੍ਰਿੜ੍ਹ ਕਰਾਇਆ ਜਾਵੇ ਤੇ ਪ੍ਰਾਣੀ ਦੇ ਅੰਦਰ ਨਾਮ-ਅਭਿਆਸ ਦੀ ਆਤਮਕ ਰੌ ਚਾਲੂ ਹੋ ਜਾਵੇ ਤਾਂ ਧਾਰਨ ਕੀਤੀ ਹੋਈ ਸਿੱਖੀ ਦੇ ਅਜਬ-ਅਜਾਬ ਰੰਗ ਖਿੜਦੇ ਹਨ। —ਸੰਪਾਦਕ



www.AKJ.Org

ਵਿਚ ਆ ਗਏ ਹਨ ਤੇ ਹਰ ਇਕ ਨੂੰ ਸ਼ਬਦ-ਤਰੰਗ ਨਾਲ ਅਗੰਮੀ ਹੁਲਾਰੇ ਦੇ ਰਹੇ ਹਨ।

ਗੁਰਦੇਵ ਸੱਚੇ ਪਾਤਸ਼ਾਹ ਦੀ ਇਤਨੀ ਬਖ਼ਸ਼ਸ਼ ਹੁੰਦਿਆਂ ਵੀ ਕੀ ਭਾਈ ਸਾਹਿਬ ਜੀ ਵਿਚ ਕੋਈ ਅਭਿਮਾਨ ਆਇਆ ? ਬਿਲਕੁਲ ਨਹੀਂ। ਸਗੋਂ ਉਹ ਜਿੰਨੀ ਆਤਮਕ ਉਚਾਮਾਨ ਵਿਚ ਗਏ ਉਨੇ ਹੀ ਨਿੰਮਰ ਤੇ ਦਾਸਤ ਭਾਵ ਵਿਚ ਆਏ। ''ਬ੍ਰਹਮ ਗਿਆਨੀ ਊਚ ਤੇ ਊਚਾ॥ ਮਨਿਅਪਨੈ ਹੈ ਸਭ ਤੇ ਨੀਚਾ''* ਅਨੁਸਾਰ ਉਹ ਆਪਣੇ ਪ੍ਰੇਮੀਆਂ ਨੂੰ ਹੋਰਨਾਂ ਸੰਤਾ ਸਾਧਾਂ ਤੇ ਨਕਲੀ ਗੁਰੂਆਂ ਵਾਂਗ ਸੇਵਕ ਨਹੀਂ ਸਨ ਸਮਝਦੇ, ਸਗੋਂ ''ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ''† ਜਾਣ, ਸਮਾਗਮਾਂ ਤੇ ਵਿਛੜਨ ਸਮੇਂ ਜੱਫੀ ਵਿਚ ਲੈ ਕੇ ਗਲੇ ਮਿਲਦੇ ਸਨ ਤੇ ਆਪਣੇ ਜੀਵਨ ਤੋਂ ਨਾਮ ਸਿਮਰਨ ਦੀ ਇਹੋ ਜਿਹੀ ਕਰੰਟ ਬਖਸ਼ਦੇ ਸਨ ਕਿ ਸ਼ਰਧਾਲੂ ਜਗਿਆਸੂ ਦੇ ਰੌਂਗਟੇ ਖੜੇ ਹੋ ਜਾਂਦੇ ਤੇ ਰੱਬੀ ਯਾਦ ਤੇ ਸਿਮਰਨ ਉਸਦਾ ਜੀਵਨ-ਅੰਗ ਬਣ ਜਾਂਦੇ।

੧੯੪੩ ਵਿਚ ਜੇਹਲਮ ਸ: ਮੰਗਤ ਸਿੰਘ ਜੀ ਬਾਹਰੀ ਜੀ ਦੇ ਗ੍ਰਹਿ ਵਿਖੇ ਜਦ ਮੈਂ ਆਪ ਦੇ ਪਹਿਲੀ ਵਾਰ ਦਰਸ਼ਨ ਕੀਤੇ ਤਾਂ ਜਲਾਲੀ ਦਰਸ਼ਨਾਂ ਨੇ ਚਰਨਾਂ ਤੇ ਝੁਕ ਜਾਣ ਲਈ ਮਜਬੂਰ ਕੀਤਾ। ਪਰ ਆਪ ਨੇ ਮਨ੍ਹਾ ਕੀਤਾ ਤੇ ਕਿਹਾ ਕਿ ਗੁਰਸਿਖ ਭਾਈ ਭਾਈ ਹਨ, ਵਾਹਿਗੁਰੂ ਜੀ ਕੀ ਫ਼ਤਿਹ ਬੁਲਾਉਣੀ ਹੀ ਉਚਿਤ ਹੈ। ਤਾਂ ਦਾਸ ਦੇ ਮੂੰਹੋਂ ਸੁਭਾਵਕ ਹੀ ਨਿਕਲ ਗਿਆ ਕਿ ਮੈਂ ਆਪ ਜੀ ਨੂੰ ਨਮਸਕਾਰ ਨਹੀਂ ਕੀਤੀ, ਸਗੋਂ ਆਪ ਵਿਚ ਵਸ ਰਹੀ ਗੁਰੂ-ਜੋਤਿ ਨੂੰ ਮੱਥਾ ਟੇਕਿਆ ਹੈ ਤਾਂ ਆਪ ਜੀ ਬੜੇ ਖੁਸ਼ ਹੋਏ ਤੇ ਫ਼ੁਰਮਾਇਆ, ਖਾਲਸਾ ਜੋਤਿ ਦਾ ਹੀ ਉਪਾਸ਼ਕ ਹੈ, ਦੇਹ ਦਾ ਨਹੀਂ। ਜੋਤਿ ਗੁਰ-ਸ਼ਬਦ ਨਾਲ ਪਰਗਟ ਹੁੰਦੀ ਹੈ। ਜਿਸ ਨੂੰ ਘੁਟ ਕੇ ਫੜ ਲਓ।

੧੯੫੧ ਵਿਚ ਕਰਨਲ ਪਿਆਰਾ ਸਿੰਘ ਨੇ ਲਖਨਊ ਵਿਚ ਜੱਥੇ ਦਾ ਸਮਾਗਮ ਚਾਹਵਾਂ ਨਾਲ ਰਖਿਆ, ਪਰ ਯੂ.ਪੀ. ਵਿਚ ਪਹਿਲੀ ਫੇਰੀ ਹੋਣ ਕਰਕੇ ਸੰਗਤਾਂ ਨੂੰ ਆਪ ਦੀ ਉਚਤਾ ਦਾ ਪਤਾ ਨਹੀਂ ਸੀ, ਇਸ ਲਈ ਕਰਨਲ ਸਾਹਿਬ ਨੇ ਇਕ ਗੁਰਮੁਖ ਵੀਰ ਨੂੰ ਆਪ ਦੇ ਜੀਵਨ ਬਾਬਤ ਸੰਗਤਾਂ ਨੂੰ ਕੁਝ ਦਸਣ ਵਾਸਤੇ ਕਿਹਾ। ਉਨ੍ਹਾਂ ਭਾਈ ਸਾਹਿਬ ਬਾਬਤ ਦੀਵਾਨ ਵਿਚ ਭੋਗ ਦੀ ਸਮਾਪਤੀ ਤੇ ਅਜੇ ਦੋ ਚਾਰ ਸ਼ਬਦ ਹੀ ਕਹੇ ਹੋਣਗੇ ਜੁ ਆਪ ਜੀ ਨੇ ਆਪਣੇ ਜਲਾਲੀ ਬਚਨਾਂ ਵਿਚ ਉਸ ਨੂੰ ਬੈਠ ਜਾਣ ਨੂੰ ਕਿਹਾ ਤੇ ਫੁਰਮਾਇਆ ਕਿ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਦੇਹ ਦੀ ਤਾਰੀਫ਼ ਕਰਨੀ ਗੁਰੂ ਤੋਂ ਬੇਮੁਖਤਾ ਹੈ।

ਆਖ਼ਰ ਵਿਚ ਮੈਂ ਕੁਝ ਜ਼ਰੂਰੀ ਬੇਨਤੀਆਂ ਕਰਨਾ ਚਾਹਾਂਗਾ। ਆਪ ਜੀ ਨੇ ਆਪਣੀ ਬਾਬਤ ਫ਼ੁਰਮਾਇਆ ਸੀ ਕਿ ਮੇਰੀ ਕੋਈ ਯਾਦਗਾਰ ਨਾ ਬਣੇ। ਇਸ ਦਾ ਇਹ ਭਾਵ ਲਗਦਾ ਹੈ ਕਿ ਉਨ੍ਹਾਂ ਦੀ ਯਾਦ ਸੁੰਦਰ ਇਮਾਰਤਾਂ ਦੀਆਂ ਇੱਟਾਂ ਤਕ ਹੀ ਨਾ ਸੀਮਤ ਹੋਵੇ ਸਗੋਂ ਗੁਰਸਿਖ ਹਿਰਦਿਆਂ ਵਿਚ ਉਨ੍ਹਾਂ ਦੇ ਜੀਵਨ-ਉਦੇਸ਼ਾਂ ਤੇ ਰਹਿਤ ਨੂੰ ਵਸਾ ਕੇ ਕਮਾਈ ਵਾਲੇ ਗੁਰਸਿਖ ਬਣਿਆ ਜਾਵੇ। ਇਨ੍ਹਾਂ ਦੇ ਰਚੇ ਸਾਹਿੱਤ ਤੇ ਪੁਸਤਕਾਂ ਦੀ ਆਲੋਚਨਾਤਮਕ ਪਰਸਾਰਨ ਯੂਨੀਵਰਸਿਟੀ ਜਾਂ ਗੌਰਮਿੰਟ ਪੱਧਰ ਤੇ ਹੋਵੇ। ਭਾਈ ਸਾਹਿਬ ਵੀਰ ਸਿੰਘ ਜੀ ਵਾਂਗ ਇਨ੍ਹਾਂ ਦੇ ਨਾਮ ਤੇ ਕਿਸੇ ਯੂਨੀਵਰਸਿਟੀ ਵਿਚ ਚੇਅਰ ਕਾਇਮ ਕੀਤੀ ਜਾਵੇ। ਦੇਸ਼ ਦੇ ਮੋਢੀ ਸੁਤੰਤ੍ਰਤਾ ਸੰਗਰਾਮੀਏ ਹੋਣ ਦੇ ਨਾਤੇ ਇਨ੍ਹਾਂ ਨੂੰ ਸੈਂਟਰਲ ਗੌਰਮਿੰਟ ਨੂੰ ਵੀ ਪੂਰਾ ਸਨਮਾਨ ਦੇਣਾ ਚਾਹੀਦਾ ਹੈ ਤੇ ਮਹਾਨ ਨੇਤਾਵਾਂ ਵਾਂਗ ਹੀ ਸਿੱਖ ਦੇਸ਼-ਭਗਤਾਂ ਵਿਚੋਂ ਇਨ੍ਹਾਂ ਦਾ ਸਤਕਾਰ ਕੀਤਾ ਜਾਵੇ।

੧੩ ਅਪ੍ਰੈਲ, ੭੮ ਦੇ ਵੈਸਾਖੀ ਸਾਕੇ ਵਿਚ ਕਿਉਂਕਿ ਬਹੁਤੇ ਸ਼ਹੀਦ ਆਪ ਜੀ ਦੇ ਜੱਥੇ ਦੇ ਸਿੰਘਾਂ ਦੇ ਸਨ, ਜਿਨ੍ਹਾਂ ਵਿਚ ਗੁਰਸਿੱਖੀ ਜੀਵਨ ਦੀ ਰੌਅ ਇਨ੍ਹਾਂ ਮਹਾਂ ਪੁਰਸ਼ਾਂ ਦੇ ਜੀਵਨ ਸਦਕਾ ਹੀ ਆਈ, ਇਸ ਲਈ ਹਰ ਇਕ ਗੁਰਸਿਖ ਮਾਈ ਭਾਈ ਆਪ ਜੀ ਵਾਂਗ ਅੰਮ੍ਰਿਤ ਛਕ ਕੇ ਤੇ ਰਹਿਤ ਮਰਯਾਦਾ ਵਿਚ ਰਹਿ ਕੇ ਨਾਮ ਸਿਮਰਨ ਵਿਚ ਗੁਰਮੁਖ ਰਹਿਣੀ ਵਾਲਾ ਜੀਵਨ ਜੀਉਣ ਦਾ ਪ੍ਰਣ ਕਰੇ।

*ਸੁਖਮਨੀ ਮ:੫, ॥੨॥(੮), ਪੰਨਾ ੨੭੨
†ਸਿਰੀਰਾਗੁ ਮ: ੧, ਪੰਨਾ ੧੭


www.AKJ.Org

# ਗੁਰੂ ਮਾਨਿਓ ਗ੍ਰੰਥ

[ ਵਲੋਂ - ਸ: ਗੁਰਬਖਸ਼ ਸਿੰਘ ਤੇ ਸਾਥੀ ਸਿੰਘ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ]

[ਉਤਰ ਉਨ੍ਹਾਂ ਸੰਸਿਆਂ ਦੇ ਜੋ 'ਏਕ ਨਜ਼ਰ' ਜਿਲਦ ੬ ਅੰਕ ਨੰ: ੨੮, ਜੁਲਾਈ ੧੯੭੮ ਵਿਚ ਜਥੇਦਾਰ ਭੌਰਾ ਸਾਹਿਬ ਤੋਂ ਪੁਛੇ ਗਏ ਹਨ।]

ਜਮਾਂਦਰੂ ਅੰਨ੍ਹੇ ਨੂੰ ਦਿਨ ਰਾਤ ਦਾ ਫ਼ਰਕ ਨਹੀਂ ਸਮਝਾਇਆ ਜਾ ਸਕਦਾ, ਕਿਉਂਕਿ ਉਸ ਨੂੰ ਚਾਨਣ ਦਾ ਗਿਆਨ ਨਹੀਂ ਹੁੰਦਾ। ਇਸ ਕਰਕੇ ਉਸ ਲਈ ਦਿਨ ਰਾਤ ਸਦਾ ਬਰਾਬਰ ਹੁੰਦੇ ਹਨ। ਜੇ ਕੋਈ ਜਾਣ ਕੇ ਅੱਖਾਂ ਮੀਟ ਲਏ ਤੇ ਚਾਨਣ ਵੇਖ ਕੇ ਵੀ ਕਹੇ ਕਿ ਹਨੇਰਾ ਹੈ, ਉਸ ਨੂੰ ਵੀ ਸਮਝਾਉਣਾ ਅਸੰਭਵ ਹੈ। ਹਾਂ, ਜੇ ਕੋਈ ਅਗਿਆਨਤਾ ਕਰਕੇ ਕਿਸੇ ਹਨੇਰੀ ਕੋਠੜੀ ਵਿਚ ਬੰਦ ਹੋਵੇ ਜਾਂ ਕਿਸੇ ਡੂੰਘੇ ਭੋਰੇ ਵਿਚ ਬੈਠਾ ਹੋਵੇ, ਜਿਥੇ ਚਾਨਣ ਜਾਣ ਦਾ ਸਾਧਨ ਨਾ ਹੋਵੇ, ਪਰ ਉਸ ਦੀ ਇੱਛਾ ਚਾਨਣ ਵੇਖਣ ਦੀ ਹੋਵੇ ਤਾਂ ਉਹ ਬਾਹਰ ਆਉਂਦੇ ਸਾਰ ਹੀ ਆਪੇ ਬੋਲ ਉਠੇਗਾ ਕਿ ਮੈਨੂੰ ਠੀਕ ਚਾਨਣ ਦਿਸ ਪਿਆ ਹੈ।

ਪਤਾ ਨਹੀਂ ਸੁਆਲ ਪੁਛਣ ਵਾਲੇ ਇਨ੍ਹਾਂ ਤਿੰਨਾਂ ਕਿਸਮਾਂ ਵਿਚੋਂ ਕਿਸ ਕਿਸਮ ਦੇ ਅਗਿਆਨੀ ਹਨ। ਪਹਿਲੀਆਂ ਦੋ ਹਾਲਤਾਂ ਵਿਚ (ਜਮਾਂਦਰੂ ਅੰਨ੍ਹੇ ਤੇ ਜਾਣ ਬੁਝ ਕੇ ਬਣੇ ਅੰਨ੍ਹੇ) ਤਾਂ ਲਾ-ਇਲਾਜ ਹੁੰਦੇ ਹਨ। ਉਨ੍ਹਾਂ ਦਾ ਕੋਈ ਦਾਰੂ ਨਹੀਂ। ਤੀਜੀ ਕਿਸਮ ਦੇ ਅਗਿਆਨੀਆਂ ਲਈ ਉਤਰ ਦਿਤੇ ਜਾਂਦੇ ਹਨ।

ਸੁਆਲ : ਪੰਜਾਂ ਸੁਆਲਾਂ ਨੂੰ ਪਾੜ ਕੇ ਪੰਝੀ ਸੁਆਲ ਬਣਾਏ ਗਏ ਹਨ, ਜੋ ਕਿ ਇਸ ਤਰ੍ਹਾਂ ਹਨ :—

੧. (੧—੨) : ਗੁਰੂ ਗ੍ਰੰਥ ਕਿਹੜੇ ਧਰਮ ਦਾ ਅਤੇ ਕਿਹੜਾ ਹੈ ?

੨. (੩-੧੦) :—ਇਹ ਸ਼ਬਦ "ਗੁਰੂ ਮਾਨਿਓ ਗ੍ਰੰਥ" ਕਿਥੇ, ਕਦੋਂ, ਕਿਸ ਨੇ ਲਿਖੇ ਤੇ ਇਨ੍ਹਾਂ ਦੀ ਕੀ ਪ੍ਰਮਾਣੀਕਤਾ ਤੇ ਅਥਾਰਟੀ ਹੈ ?

੩. (੧੧-੧੪) :—ਕੀ ਗੁਰੂ ਅਧੂਰਾ ਵੀ ਹੁੰਦਾ ਹੈ ? ਪੂਰਾ ਗੁਰੂ ਕਿਸ ਤਰ੍ਹਾਂ ਹੋਇਆ, ਤੇ ਉਹਦੀ ਕੀ ਸਮਰੱਥਾ ਹੈ ?

੪. (੧੫-੨੧) :—ਕੀ ਗੁਰੂ ਸਾਂਝਾ ਹੈ ਜਾਂ ਇਕ ਫਿਰਕੇ ਦਾ ? ਕਿਸ ਨੇ ਕਦੋਂ ਤੇ ਕਿਵੇਂ ਗ੍ਰੰਥ ਸੰਪੂਰਨ ਕੀਤਾ ?

੫. (੨੨-੨੪) :-ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਕਿਵੇਂ ਮਿਲੀ, ਕਿਸ ਨੇ ਦਿਤੀ, ਗੁਰੂ ਗੋਬਿੰਦ ਸਿੰਘ ਕਦੋਂ ਜੋਤੀ ਜੋਤਿ ਸਮਾਏ ਤੇ ਗੁਰਤਾ ਵਾਲੀ ਬੀੜ ਕਿਥੇ ਹੈ ?

ਇਕ ਹੋਰ ਮੁਖ ਤੇ ਮੁਢਲਾ ਸੁਆਲ ਉਹ ਪੁੱਛਣਾ ਭੁਲ ਗਏ ਕਿ ਕੋਈ ਗ੍ਰੰਥ ਗਿਆਨ ਕਿਵੇਂ ਦੇ ਸਕਦਾ ਹੈ ਤੇ ਗੁਰੂ ਕੌਣ ਹੋ ਸਕਦਾ ਹੈ। ਸ਼ਾਇਦ ਇਸ ਕਰਕੇ ਇਹ ਸੁਆਲ ਨਹੀਂ ਪੁਛਿਆ ਕਿ ਉਹਨਾਂ ਦੇ 'ਸੇਵਕ' ਜੀ ਨੇ ਉਸੇ ਅੰਕ ਵਿਚ ਪੰਨਾ ੬, ਕਾਲਮ ੪ ਦੇ ਸ਼ੁਰੂ ਵਿਚ ਹੀ ਲਿਖਿਆ ਹੈ— "ਗਿਆਨ ਪ੍ਰਕਾਸ਼ ਸਦਾ ਸਰੀਰ ਤੋਂ ਹੀ ਸਰੀਰ ਨੂੰ ਹੁੰਦਾ ਆਇਆ ਹੈ ਤੇ ਹੁੰਦਾ ਰਹਿਣਾ ਹੈ । ਸੇਵਕ ਜੀ ਨੇ ਇਸ ਤਰੀਕੇ (ਸਰੀਰ ਤੋਂ ਸਰੀਰ) ਦਾ ਵੇਰਵਾ ਨਹੀਂ ਦਿਤਾ, ਪਰ ਇਕ ਰੀਫ਼ੀਊਜੀ ਅਧਿਆਪਕਾ ਲੜਕੀ ਨੂੰ ਸਰੀਰ ਤੋਂ ਸਰੀਰ ਰਾਹੀਂ ਗਿਆਨ ਦੇਣ ਦੀ ਦਰਦਨਾਕ ਵਿਥਿਆ 'ਇੰਡੀਅਨ ਅਬਜ਼ਰਬਰ' ਦਿਲੀ ੨੨ ਅਕਤੂਬਰ, ੧੯੬੫ ਵਿਚ ਲਿਖੀ ਹੈ :—

"ਮੈਨੂੰ ਕਾਨਪੁਰ ਤੋਂ ਨਿਰੰਕਾਰੀ ਬਾਬੇ ਦੀ



www.AKJ.Org

ਇਕ ਚੇਲੀ ਦਰਸ਼ਨ ਕਰਾਉਣ ਦੇ ਬਹਾਨੇ ਦਿਲੀ ਲੈ ਗਈ। ਮੈਨੂੰ ਇਕ ਹੋਟਲ ਵਿਚ ਠਹਿਰਾਇਆ ਗਿਆ ਤੇ ਦੂਜੇ ਦਿਨ ਕਾਰ ਵਿਚ ਲੈ ਜਾ ਕੇ ਬਾਬਾ ਜੀ ਦੇ ਪੇਸ਼ ਕੀਤਾ। ਉਸ ਨੇ ਸ਼ਰਾਬ ਪੀ ਕੇ ਮੇਰੇ ਨਾਲ ਦੁਰਾਚਾਰ ਕੀਤਾ।''

ਇਦਾਂ ਬਾਬੇ ਦਾ ਸਰੀਰ ਲੜਕੀਆਂ ਤੇ ਔਰਤਾਂ ਦੇ ਸਰੀਰ ਵਿਚ ਗਿਆਨ ਪਾਉਂਦਾ ਹੈ। ਇਸ ਤਰ੍ਹਾਂ ਗਿਆਨ ਲੈਣ ਵਾਲਿਆਂ ਨੂੰ ਕਿਵੇਂ ਸਮਝ ਆਵੇ ਕਿ 'ਸਰੀਰ' ਨਹੀਂ ਸਗੋਂ 'ਸ਼ਬਦ' ਗੁਰੂ ਹੁੰਦਾ ਹੈ। ਭਾਵ ਅਜਿਹੇ ਪੁਰਸ਼ ਤਾਂ ਲਾ-ਇਲਾਜ ਬਿਮਾਰੀ ਵਿਚ ਫਸੇ ਹੋਏ ਹਨ।

ਦੂਜਾ ਪੱਖ ਕਿ ਗੁਰੂ ਕੌਣ ਹੋ ਸਕਦਾ ਹੈ, ਇਸ ਦਾ ਉਤਰ ਵੀ ਉਸ ਰਸਾਲੇ ਦੇ 'ਸੇਵਕ' ਜੀ ਉਸੇ ਅੰਕ ਪੰਨਾ ੨, ਕਾਲਮ ੩ ਵਿਚ ਦਿੰਦੇ ਹਨ। ਉਹ ਲਿਖਦੇ ਹਨ ਕਿ ਆਦਮੀ ਦੀ ਔਲਾਦ ਉਸ ਨੂੰ ਆਪੇ ਹੀ ਬਾਪੂ ਕਹਿੰਦੀ ਹੈ, ਇਸੇ ਤਰ੍ਹਾਂ ਜੋ ਗਿਆਨ ਦਿੰਦਾ ਹੈ ਲੋਕੀਂ ਉਸ ਨੂੰ ਗੁਰੂ ਕਹਿੰਦੇ ਹਨ। ਜਿਵੇਂ ਬਾਪੂ ਨੂੰ ਅਪੀਲ ਕਰਨ ਦੀ ਲੋੜ ਨਹੀਂ ਕਿ ਮੈਨੂੰ ਬਾਪੂ ਆਖੋ ਇਵੇਂ ਗੁਰੂ ਨੂੰ ਇਹ ਕਹਿਣ ਦੀ ਲੋੜ ਨਹੀਂ ਕਿ ਮੈਨੂੰ ਗੁਰੂ ਆਖੋ। ''ਸੇਵਕ'' ਜੀ ਦਾ ਭਾਵ ਇਹ ਹੈ ਕਿ ਕੋਈ ਕਿਸੇ ਦਾ ਮਲੋਮਲੀ ਬਾਪੂ ਜਾਂ ਗੁਰੂ ਨਹੀਂ ਬਣ ਸਕਦਾ। ਕਿਉਂਕਿ ਹਰ ਇਕ ਨੂੰ ਆਪਣੇ ਗੁਰੂ ਤੇ ਅਸਲੀ ਬਾਪੂ ਦਾ ਪਤਾ ਹੁੰਦਾ ਹੈ ਤੇ ਜੋ ਕੋਈ ਮਲੋ-ਮਲੀ ਬਣੇ ਤਾਂ ਉਹ ਅਸਲੀ ਬਾਪੂ ਜਾਂ ਗੁਰੂ ਨਹੀਂ ਹੋ ਸਕਦਾ। ਸੇਵਕ ਜੀ ! ਫਿਰ ਗੁਰਬਚਨ ਸਿੰਘ ਤਾਂ ਤੁਹਾਡਾ ਗੁਰੂ ਨਾ ਹੋਇਆ, ਕਿਉਂਕਿ ਉਹ ਮਲੋਮਲੀ ਹੀ ਗੁਰੂ ਬਣਨਾ ਚਾਹੁੰਦਾ ਹੈ ਤੇ ਆਪਣੇ ਆਪ ਨੂੰ ਗੁਰੂ ਕਹਾਉਣਾ ਚਾਹੁੰਦਾ ਹੈ। ਪੜ੍ਹੋ : 'ਇਲੱਸਟ੍ਰੇਟਿਡ ਵੀਕਲੀ' ਅਕਤੂਬਰ ੨੪, ੧੯੭੧, ਪੰਨਾ ੨੩, ਕਾਲਮ ੩ :

''... ...ਨੂਹ, ਕ੍ਰਿਸ਼ਨ, ਨਾਨਕ ਤੇ ਦਿਆਲ ਤੋਂ ਪਿਛੋਂ ਅਵਤਾਰ ਸਿੰਘ ਨੇ ਮੈਨੂੰ ਗੁਰੂ ਬਣਾ ਦਿਤਾ।''

ਧਿਆਨ ਨਾਲ ਪੜ੍ਹੋ, ਸੇਵਕ ਜੀ, ਕਿ ਉਹ ਆਪਣੇ ਆਪ ਨੂੰ ਗੁਰੂ ਸਾਬਤ ਕਰਨ ਲਈ ਪੂਰਾ ਜ਼ੋਰ ਹੀ ਨਹੀਂ ਲਾਉਂਦਾ, ਸਗੋਂ ਸਭ ਧਰਮਾਂ ਦੇ ਅਵਤਾਰਾਂ ਨਾਲ ਆਪਣੇ ਆਪ ਨੂੰ ਜੋੜ ਕੇ ਧੋਖਾ ਦਿੰਦਾ ਹੈ। ਗੁਰੂ ਚੋਰਾਂ, ਬਦਮਾਸ਼ਾਂ, ਠੱਗਾਂ, ਪਾਖੰਡੀਆਂ ਆਦਿ ਸਭ ਦੇ ਹੁੰਦੇ ਹਨ। ਤੁਸੀਂ ਹੁਣ ਆਪੇ ਹੀ ਦੱਸੋ ਕਿ ਅਜਿਹਾ ਗੁਰਬਚਨ ਸਿੰਘ ਗੁਰੂ ਕਿਵੇਂ ਅਤੇ ਕਿਸ ਦਾ ਹੋ ਸਕਦਾ ਹੈ ?

ਇਨ੍ਹਾਂ ਦੋ ਸੁਆਲਾਂ ਦੇ ਉਤਰ ਪੜ੍ਹਨ ਪਿਛੋਂ, ਪੁੱਛੇ ਸੁਆਲਾਂ ਦੇ ਉਤਰ ਛੇਤੀ ਸਮਝ ਆ ਸਕਦੇ ਹਨ।

ਉਤਰ ੧ : ਇਕ ਬੰਦੇ ਦਾ ਬਾਪੂ ਜਾਂ ਗੁਰੂ ਇੱਕ ਹੀ ਹੁੰਦਾ ਹੈ, ਚਾਹੇ ਉਂਜ ਬਾਪੂ ਜਾਂ ਗੁਰੂ ਕਿੰਨੇ ਹੀ ਹੋਣ। ਕੀ ਕਿਸੇ ਨੂੰ ਆਪਣਾ ਗੁਰੂ ਜਾਂ ਬਾਪੂ ਪਛਾਨਣ ਵਿਚ ਔਕੜ ਆਈ ਹੈ ? ਅਜਿਹੀ ਔਕੜ ਤੁਹਾਨੂੰ ਕਿਵੇਂ ਆਈ ਕਿ ਆਪਣਾ ਗੁਰੂ ਜਾਂ ਬਾਪੂ ਵੀ ਪਛਾਣ ਨਹੀਂ ਸਕਦੇ।

ਉਤਰ ੨ : 'ਬਾਣੀ ਗੁਰੂ ਗੁਰੂ ਹੈ ਬਾਣੀ' ਦਾ ਮਹਾਂਵਾਕ ਤੁਸੀਂ ਗੁਰੂ ਗ੍ਰੰਥ ਸਾਹਿਬ ਵਿਚੋਂ ਪੜ੍ਹਨ ਦੀ ਖੇਚਲ ਕਰੋ ਤਾਂ ਸਭ ਸਮਝ ਆ ਜਾਵੇਗੀ। ਤਾਰੀਖ਼ੀ ਸਬੂਤ ਤੁਸੀਂ ਕਿਸੇ ਵੀ ਸਬੰਧਤ ਲਿਖਤ ਵਿਚੋਂ ਲਭ ਸਕਦੇ ਹੋ, ਕੇਵਲ ਨੀਅਤ ਸਾਫ਼ ਚਾਹੀਦੀ ਹੈ। ਜੇਕਰ ਸਾਰਾ ਜਹਾਨ ਲਿਖਤੀ ਸਬੂਤ ਲਭ ਸਕਦਾ ਹੈ ਤਾਂ ਤੁਹਾਨੂੰ ਵੀ ਕੋਈ ਔਕੜ ਨਹੀਂ ਆਏਗੀ। ਹਾਂ, ਨੇਕਨੀਤੀ ਨਾਲ ਪੜ੍ਹਨ ਦਾ ਉਦਮ ਜ਼ਰੂਰ ਕਰਨਾ ਪਏਗਾ।

ਇਹ ਗੱਲ ਜ਼ਰੂਰ ਚੇਤੇ ਰਖਣ ਵਾਲੀ ਹੈ ਕਿ ਜੇ ਕੋਈ ਤਾਰੀਖ਼ ਨੂੰ ਭੁਲ ਕੇ ਸੱਚੇ ਨਿਰੰਕਾਰੀ ਦਰਬਾਰ ਵਿਚੋਂ ਦੋਸ਼ੀ ਠਹਿਰਾ ਕੇ ਬੂਟਾ ਸਿੰਘ ਸ਼ਰਾਬੀ ਨੂੰ ਕੱਢੇ ਜਾਣ ਵਾਲੀ ਘਟਨਾ ਨੂੰ ਭੁਲ ਜਾਵੇ ਤੇ ਉਸ ਨੂੰ ਗੁਰੂ ਮੰਨਣ ਭੀ ਲਗ ਜਾਵੇ ਤਾਂ ਅਜਿਹੇ ਪੁਰਸ਼ਾਂ ਨੂੰ ਤਾਰੀਖ,ਗੁਰਬਾਣੀ ਤੇ ਗੁਰੂ ਦੇ ਭੇਦ ਸਮਝਣਾ ਇਸ ਜਨਮ ਵਿਚ ਤਾਂ ਕੀ, ਕਿਸੇ ਅਗਲੇ ਜਨਮ ਵਿਚ ਵੀ ਸੰਭਵ ਨਹੀਂ ਹੋ ਸਕਦਾ।

ਅਥਾਰਟੀ ਤੇ ਪ੍ਰਮਾਣੀਕਤਾ ਬਾਰੇ ਗੁਰੂ



www.AKJ.Org

ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਲਈ ਬਾਹਰੋਂ ਸਬੂਤ ਲੈਣ ਦੀ ਲੋੜ ਨਹੀਂ। ਗੁਰੂ ਗ੍ਰੰਥ ਸਾਹਿਬ ਦੇ ਵਿਚ ਹੀ ਲਿਖਿਆ ਹੈ 'ਬਾਣੀ ਗੁਰੂ ਗੁਰੂ ਹੈ ਬਾਣੀ'। ਤਵਾਰੀਖ ਲਿਖਣ ਵਾਲੇ ਦੀ ਕਿਸੇ ਵੀ ਲਿਖਤ ਨੂੰ ਪੜ੍ਹਿਆ ਜਾ ਸਕਦਾ ਹੈ। ਅਤੇ ਉਨ੍ਹਾਂ ਦੇ ਅਧਾਰ ਤੇ ਹੀ ਅੱਜ ਸਿਖੀ ਕਾਇਮ ਹੈ। ਪਰ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਆਉਂਦੀ ਅਤੇ ਨਾ ਹੀ ਕੋਈ ਤਾਰੀਖ਼ੀ ਜਾਂ ਧਾਰਮਿਕ ਸਬੂਤ ਘੜਿਆ ਗਿਆ ਹੈ, ਜਿਸ ਤੋਂ ਕਿ ਸ਼ਰਾਬੀਆਂ ਤੇ ਲੁੱਚਿਆਂ ਦਾ ਟੋਲਾ ਗਾਂ ਤੇ ਸੂਰ ਦਾ ਮਾਸ ਖਾਂਦਾ ਹੋਇਆ ਗੁਰੂ ਨਾਨਕ ਦੇਵ ਜੀ, ਰਾਮ ਜੀ ਤੇ ਮੁਹੰਮਦ ਸਾਹਿਬ ਨਾਲ ਆਪਣੇ ਆਪ ਨੂੰ ਜੋੜ ਸਕਦਾ ਹੋਵੇ। ਪਰ ਸਾਰੀ ਤਾਰੀਖ਼ ਦੇ ਨਾਂਹ ਕਰਦਿਆਂ ਹੋਇਆਂ ਭੀ ਉਹ ਲੋਕਾਂ ਨੂੰ ਧੋਖਾ ਦੇਣ ਲਈ ਅਵਤਾਰਾਂ ਤੇ ਗੁਰੂਆਂ ਨਾਲ ਜੋੜਦੇ ਹਨ। ਉਨ੍ਹਾਂ ਦਾ 'ਉਤਮ' ਵਿਚਾਰ ਹੈ ਕਿ ਕਾਂ ਆਪਣੇ ਸਰੀਰ ਤੇ ਚਿਟੀ ਕਲੀ ਮਲ ਕੇ ਹੰਸ ਬਣ ਸਕਦਾ ਹੈ। ਇਹ ਧੋਖਾ ਉਹ ਜਨਤਾ ਨੂੰ ਬਹੁਤੀ ਦੇਰ ਨਹੀਂ ਦੇ ਸਕਣਗੇ, ਕਿਉਂਕਿ ਸੱਚ ਉਘੜਨੋਂ ਨਹੀਂ ਰਹਿ ਸਕਦਾ।

ਉਤਰ ੩ : ਸੱਚਾ ਗੁਰੂ ਪੂਰਾ ਤੇ ਸਰਬ ਕਲਾ ਸਮਰੱਥ ਹੁੰਦਾ ਹੈ। ਉਹ ਅਧੂਰਾ ਨਹੀਂ ਹੁੰਦਾ। ਨਾ ਹੀ ਕੋਈ ਝੂਠੀਆਂ ਬਿਮਾਰੀਆਂ ਦਾ ਬਹਾਨਾ ਕਰਦਾ ਹੈ ਜਾਂ ਝੂਠ ਬੋਲਦਾ ਹੈ। ਇਹ ਕੇਵਲ ਪਾਖੰਡੀਆਂ ਦੇ ਗੁਰੂ ਹੀ ਹਨ ਜੋ ਕੀਤੇ ਪਾਪਾਂ ਦੀ ਸਜ਼ਾ ਤੋਂ ਡਰਦੇ ਕਚਹਿਰੀਆਂ ਵਿਚ ਝੂਠੇ ਬਿਆਨ ਦਿੰਦੇ ਹਨ ਤੇ ਬਿਮਾਰੀ ਦੇ ਬਹਾਨੇ ਲਾ ਕੇ ਸੱਚ ਤੋਂ ਦੂਰ ਭਜਦੇ ਹਨ। ਅਜਿਹੇ ਨਕਲੀ ਗੁਰੂ ਆਪਣੇ ਝੂਠ ਨੂੰ ਆਪੇ ਹੀ ਪਰਗਟ ਕਰ ਬੈਠਦੇ ਹਨ। ਜਿਸ ਮੂੰਹ ਨਾਲ ਗੁਰੂ ਦਾ ਦਾਅਵਾ ਕੀਤਾ ਗਿਆ ਸੀ (ਵੀਕਲੀ ੧੯੭੧) ਉਸੇ ਮੂੰਹ ਨਾਲ ਮੁਕਰ ਜਾਣਾ ਕਿ ਮੈਂ ਗੁਰੂ ਨਹੀਂ (ਵਿਸਾਖੀ ੧੯੭੮ ਦੇ ਕਤਲਾਮ ਕਰਨ ਪਿਛੋਂ ਗੁਰਬਚਨ ਸਿੰਘ ਵਲੋਂ ਛਪੀ ਅਪੀਲ), ਕਿਸੇ ਹੋਰ ਸਬੂਤ ਦੀ ਮੰਗ ਨਹੀਂ ਕਰਦਾ ਕਿ ਪਾਖੰਡੀ ਕਿੱਡਾ ਵਡਾ ਝੂਠ ਬੋਲ ਸਕਦੇ ਹਨ। ਇਹ ਝੂਠ ਕੇਵਲ ਸੱਚ ਨੂੰ ਲੁਕਾਉਣ ਵਾਸਤੇ ਤੇ ਕੀਤੇ ਜ਼ੁਲਮ ਦੀ ਸਜ਼ਾ ਤੋਂ ਬਚਣ ਲਈ ਬੋਲਿਆ ਗਿਆ ਹੈ। ਅਜਿਹੇ ਗੁਰੂ ਬਣਨ ਵਾਲੇ ਨੂੰ ਗੁਰੂ ਨਹੀਂ, ਪਾਖੰਡੀ ਕਿਹਾ ਜਾਣਾ ਠੀਕ ਢੁਕਦਾ ਹੈ।

ਉਤਰ ੪ : ਸੱਚਾ ਗੁਰੂ ਸਭ ਦਾ ਸਾਂਝਾ ਹੁੰਦਾ ਹੈ ਤੇ ਕਿਸੇ ਇਕ ਫਿਰਕੇ ਦਾ ਨਹੀਂ, ਤੇ ਨਾ ਹੀ ਉਹ ਕਿਸੇ ਪਾਖੰਡੀ ਜਾ ਗੁਰੂ ਦੇ ਨਾਉਂ ਤੇ ਭ੍ਰਿਸ਼ਟਾਚਾਰ ਕਰਨ ਦਾ ਗੁਰੂ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਸਭ ਮਨੁਖ ਜਾਤੀ ਲਈ ਗੁਰੂ ਹਨ, ਜੇ ਕੋਈ ਉਨ੍ਹਾਂ ਦੇ ਗਿਆਨ ਅਨੁਸਾਰ ਚਲਣਾ ਚਾਹੇ। ਪਰ ਜੇ ਕੋਈ ਗੁਰਬਾਣੀ ਨੂੰ ਤੋੜ ਮੋੜ ਕੇ ਆਪਣੇ ਆਪ ਨੂੰ ਗੁਰੂ ਜਤਾਉਣ ਲਈ ਅਰਥ ਕੱਢੇ, ਅਜਿਹੇ ਪਾਖੰਡੀਆਂ ਤੇ ਉਨ੍ਹਾਂ ਪਿਛਲਗਾਂ ਦੇ ਗੁਰੂ, ਗੁਰੂ ਗ੍ਰੰਥ ਸਾਹਿਬ ਨਹੀਂ ਬਣ ਸਕਦੇ।

ਉਤਰ ੫ : ਗੁਰਬਾਣੀ ਗੁਰੂ ਮੁਢ ਤੋਂ ਹੀ ਸੰਪੂਰਨ ਗੁਰੂ ਹੈ। ਜਿਸ ਤਰ੍ਹਾਂ ਪਹਿਲਾਂ ਲਿਖਿਆ ਗਿਆ ਹੈ 'ਬਾਣੀ ਗੁਰੂ ਗੁਰੂ ਹੈ ਬਾਣੀ'। ਬਾਣੀ ਰਾਹੀਂ ਹੀ ਗਿਆਨ ਹੁੰਦਾ ਹੈ। ਸੱਚੇ ਗੁਰੂ ਨੂੰ ਗੁਰਬਾਣੀ ਦਾ ਅਨੁਭਵ ਹੁੰਦਾ ਹੈ, ਜੋ ਸ਼ਬਦ ਰੂਪ ਹੋ ਕੇ ਪਰਗਟ ਹੁੰਦੀ ਹੈ। ਗੁਰੂ ਦੇ ਮੁਖ ਵਿਚੋਂ ਬਾਣੀ ਨਿਕਲਦੀ ਹੈ, ਕੋਈ ਸਰੀਰ ਨਹੀਂ ਨਿਕਲਦਾ। ਨਾਮ ਬਾਣੀ ਹੀ ਸਿਖ ਦੇ ਮਨ ਅੰਦਰ ਵਸਦੀ ਹੈ, ਜੋ ਉਸ ਨੂੰ ਗਿਆਨ ਰੂਪ ਹੋ ਕੇ ਚਾਨਣ ਦਿੰਦੀ ਹੈ ਤੇ ਅਗਿਆਨਤਾ ਰੂਪੀ ਹਨੇਰਾ ਦੂਰ ਕਰਦੀ ਹੈ।

ਜੇ ਕੋਈ ਟੁਕੜ-ਬੋਚ ਕੱਚਾ ਪਿਲਾ ਆਦਮੀ ਆਪਣੇ ਆਪ ਨੂੰ ਕਵੀ ਸਮਝ ਕੇ ਕਿਸੇ ਲੁਚੇ ਲਫੰਗੇ ਨੂੰ ਰੱਬ ਦਸਣ ਦਾ ਯਤਨ ਕਰੇ ਤਾਂ ਉਹ ਬਾਣੀ ਨਹੀਂ, ਦੁਰਬਾਣੀ ਕਹਾਵੇਗੀ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਹੁਕਮ ਕਰ ਕੇ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦਰਸ਼ਨ ਖਾਲਸੇ ਕਾ' ਇਹ ਗੱਲ ਦਰਸਾ ਦਿੱਤੀ ਕਿ ਪੰਜ ਪਿਆਰੇ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਗੁਰੂ ਰੂਪ ਹਨ ਤੇ ਉਨ੍ਹਾਂ ਦੇ ਸਭ ਫ਼ੈਸਲੇ ਗੁਰੂ ਦੇ ਫ਼ੈਸਲੇ ਹਨ।



www.AKJ.Org

# ਸ਼ਹੀਦੀ ਸਾਕੇ ਤੋਂ ਸਤਵੰਜਾ ਸਾਲ ਬਾਅਦ

## *ਕੇਂਦਰੀ ਸਰਕਾਰ ਦਾ ਕਾਤਲਾਂ ਨੂੰ ਸ਼ਰਨ ਦੇਣਾ--ਕੈਸਾ ਲੋਕਤੰਤਰ ਹੈ ?*

ਕੂੜੁ ਫਿਰੈ ਪਰਧਾਨੁ ਵੇ ਲਾਲੋ ॥

ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਸੰਨ ੧੯੨੧ ਈਸਵੀ ਵਿਚ ਵਾਪਰਿਆ। ਉਸ ਤੋਂ ਸਤਵੰਜਾ ਸਾਲ ਬਾਅਦ ਤੇਹਰਾਂ ਅਪ੍ਰੈਲ ੧੯੭੮ ਨੂੰ ਸਿਖਾਂ ਨੂੰ ਉਸੇ ਤਰ੍ਹਾਂ ਦੇ ਕਹਿਰ ਦਾ ਸ਼ਿਕਾਰ ਹੋਣਾ ਪਿਆ, ਜੋ ਉਹਨਾਂ ਨੇ ਬਦੇਸ਼ੀ ਹਕੂਮਤ ਵਿਚ ਵੇਖਿਆ ਸੀ। ਜੇਕਰ ਅੰਮ੍ਰਿਤਸਰ ਦੇ ਵਿਸਾਖੀ ਦੇ ਖ਼ੂਨੀ ਸਾਕੇ ਦੀ ਤੁਲਨਾ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਨਾਲ ਕੀਤੀ ਜਾਵੇ ਤਾਂ ਸਾਨੂੰ ਬਹੁਤ ਸਾਰੀਆਂ ਸਮਾਨਤਾਵਾਂ ਨਜ਼ਰ ਆਉਣਗੀਆਂ, ਪਰ ਉਸ ਦੇ ਬਾਵਜੂਦ ਭੀ ਇਕ ਵਡੀ ਅਸਮਾਨਤਾ ਦਿਸ ਪੈਂਦੀ ਹੈ, ਜਿਸ ਦਾ ਜ਼ਿਕਰ ਅਸੀਂ ਅਗੇ ਚਲ ਕੇ ਕਰਾਂਗੇ। ਮਹੰਤ ਨਰੈਣ ਦਾਸ ਅਤੇ ਗੁਰਬਚਨ ਸਿੰਘ ਦੋਵੇਂ ਹੀ ਵਿਅਕਤੀ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਪਮਾਨ ਕਰਨ ਵਿਚ ਇਕ ਦੂਜੇ ਤੋਂ ਅਗੇ ਨਿਕਲੇ ਹਨ। ਦੋਵੇਂ ਹੀ ਵਿਅਕਤੀ ਐਸ਼ ਇਸ਼ਰਤ ਦੁਰਾਚਾਰ ਤੇ ਅਨੈਤਿਕਤਾ ਨੂੰ ਆਪਣਾ ਟੀਚਾ ਮਿਥਦੇ ਹਨ। ਦੋਵੇਂ ਹੀ ਸਿਖੀ ਦੇ ਪੱਕੇ ਵੈਰੀ ਹਨ। ਦੋਹਾਂ ਨੇ ਹੀ ਇਕ ਗਿਣੀ ਮਿਥੀ ਸਾਜ਼ਸ਼ ਅਧੀਨ ਸਿਖਾਂ ਨੂੰ ਸ਼ਹੀਦ ਕਰਨ ਲਈ ਮਾਰੂ ਹਥਿਆਰ ਇਕੱਠੇ ਕੀਤੇ ਸਨ। ਦੋਹਾਂ ਹੀ ਹਾਲਤਾਂ ਵਿਚ ਸਮੇਂ ਦੀ ਹਕੂਮਤ ਨੂੰ ਹੋਣ ਵਾਲੀਆਂ ਘਟਨਾਵਾਂ ਦਾ ਪਤਾ ਸੀ। ਮਹੰਤ ਨਰੈਣ ਦਾਸ ਵਾਂਗ ਗੁਰਬਚਨ ਸਿੰਘ ਵੀ ਸਿਖੀ ਦੇ ਘਰ ਬੈਠ ਕੇ ਸਿਖਾਂ ਨੂੰ ਚੈਲੰਜ ਕਰ ਰਿਹਾ ਸੀ, ਤੇ ਉਹ ਭੀ ਵਿਸਾਖੀ ਦੇ ਸ਼ੁਭ ਦਿਹਾੜੇ ਜਦੋਂ ਖਾਲਸੇ ਦਾ ਜਨਮ ਦਿਨ ਅੰਮ੍ਰਿਤਸਰ ਦੀ ਪਾਵਨ ਪੂਜ ਧਰਤੀ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਸੀ। ਦੋਹਾਂ ਘਟਨਾਵਾਂ ਵੇਲੇ ਸਿਖ ਸ਼ਾਂਤਮਈ ਸਨ, ਭਾਵੇਂ ਉਹਨਾਂ ਦੇ ਮਨਾਂ ਵਿਚ ਸਿਖੀ ਤੇ ਹੋ ਰਹੇ ਹਮਲਿਆਂ ਕਾਰਨ ਭਾਰੀ ਗੁੱਸਾ ਸੀ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਸ: ਲਛਮਣ ਸਿੰਘ ਦੀ ਅਗਵਾਈ ਹੇਠ ੧੫੦ ਸਿੰਘਾਂ ਦਾ ਜੱਥਾ ਗੁਰਦਵਾਰਾ ਨਨਕਾਣਾਸਾਹਿਬ ਵਿਚ ਦਾਖ਼ਲ ਹੋਇਆ ਤੇ ਸ੍ਰੀ ਗੁਰੂ ਗਰੰਥ ਸਾਹਿਬ ਅਗੇ ਮੱਥਾ ਟੇਕਣ ਤੋਂ ਬਾਅਦ ਕੀਰਤਨ ਕਰਨ ਲਈ ਬੈਠ ਗਿਆ। ਸ: ਲਛਮਣ ਸਿੰਘ ਜੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਵਿਚ ਬੈਠੇ ਸਨ। ਜਦੋਂ ਸੰਗਤ ਨੇ ਕੀਰਤਨ ਕਰਨਾ ਸ਼ੁਰੂ ਕੀਤਾ ਤਾਂ ਜੁੜੀ ਹੋਈ ਸੰਗਤ ਤੇ ਕਿਸੇ ਨੇ ਪਹਿਲਾ ਫ਼ਾਇਰ ਕੀਤਾ। ਇਹ ਮਹੰਤ ਦੀ ਫ਼ੌਜ ਦੇ ਹਮਲੇ ਦਾ ਆਰੰਭ ਸੀ। ਉਸ ਤੋਂ ਬਾਅਦ ਗੁਰਦਵਾਰੇ ਦੇ ਦਰਵਾਜ਼ੇ ਬੰਦ ਕਰ ਦਿਤੇ ਗਏ ਤਾਂਕਿ ਕੋਈ ਬਚ ਕੇ ਨਾ ਨਿਕਲੇ। ਸੰਗਤ ਦਾ ਹਰ ਮੈਂਬਰ ਜ਼ਖ਼ਮੀ ਹੋਇਆ। ਉਹਨਾਂ ਵਿਚੋਂ ਕਈ ਮਾਰੇ ਗਏ। ਹਮਲਾਵਰ ਛੁਪੇ ਹੋਏ ਸਥਾਨਾਂ ਤੋਂ ਬਾਹਰ ਆਏ। ਦਰਸ਼ਨੀ ਡਿਉਢੀ ਦੀ ਛਤ ਤੇ ਪੁਜੀਸ਼ਨਾਂ ਲੈ ਕੇ ਬੈਠ ਗਏ। ਫਿਰ ਉਹਨਾਂ ਨੇ ਜ਼ਖਮੀ ਸਿੰਘਾਂ ਦੇ ਸਰੀਰਾਂ ਨੂੰ ਕੁਹਾੜਿਆਂ ਤੇ ਤਲਵਾਰਾਂ ਨਾਲ ਵਢਣਾ ਸ਼ੁਰੂ ਕਰ ਦਿਤਾ। ਕੁਝ ਸਿਖਾਂ ਨੂੰ ਦਰੱਖ਼ਤਾਂ ਨਾਲ ਪੁਠੇ ਲਟਕਾ ਦਿਤਾ ਗਿਆ ਤੇ ਹੇਠਾਂ ਤੋਂ ਅਗ ਬਾਲ ਕੇ ਉਹਨਾਂ ਨੂੰ ਜੀਉਂਦੇ ਹੀ ਸਾੜ ਦਿਤਾ ਗਿਆ। ਮਹੰਤ ਨਰੈਣ ਦਾਸ ਘੋੜੇ ਤੇ ਸਵਾਰ ਆਪਣੀ ਫ਼ੌਜ ਦੇ ਪਿਛੇ ਹਲਾਸ਼ੇਰੀ ਦੇ ਰਿਹਾ ਸੀ ਕਿ ਕੰਮ ਜਲਦੀ ਖ਼ਤਮ ਕੀਤਾ ਜਾਵੇ। ਉਸ ਨੇ ਆਪ ਆਪਣੇ ਰੀਵਾਲਵਰ ਨਾਲ ਦੋ ਤਿੰਨ ਸਿਖਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ। ਸ: ਲਛਮਣ ਸਿੰਘ ਨੂੰ ਜੰਡ ਨਾਲ ਬੰਨ੍ਹ ਕੇ ਸਾੜ ਦਿਤਾ ਗਿਆ। ਇਸ



www.AKJ.Org

ਤਰ੍ਹਾਂ ੧੫੦ ਸਿੱਖਾਂ ਦਾ ਜ਼ੱਥਾ ਕਤਲ ਕਰ ਦਿਤਾ ਗਿਆ। ਕੇਵਲ ਇਕ ਦਸਾਂ ਸਾਲਾਂ ਦਾ ਲੜਕਾ ਬਚ ਗਿਆ, ਜਿਸ ਨੇ ਹਮਲੇ ਦੇ ਦੌਰਾਨ ਆਪਣੇ ਆਪ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਮੰਜੀ ਸਾਹਿਬ ਹੇਠਾਂ ਛਿਪਾ ਲਿਆ।

ਹੁਣ ਸ਼ਹੀਦ ਹੋਏ ਸਿੰਘਾਂ ਦੇ ਮ੍ਰਿਤਕ ਸਰੀਰਾਂ ਨੂੰ ਸਾੜਨ ਦਾ ਕੰਮ ਸ਼ੁਰੂ ਹੋਇਆ। ਗੁਰਦਵਾਰੇ ਵਿਚ ਜੋ ਲਕੜਾਂ ਤੇ ਤੇਲ ਇਸ ਕੰਮ ਲਈ ਇਕੱਠਾ ਕੀਤਾ ਹੋਇਆ ਸੀ, ਉਹ ਥੋੜਾ ਸੀ। ਇਸ ਲਈ ਮਾਰਕੀਟ ਤੋਂ ਹੋਰ ਤੇਲ ਮੰਗਵਾਇਆ ਗਿਆ। ਇਕ ਵਡੀ ਚਿਤਾ ਜਦ ਬਲ ਰਹੀ ਸੀ ਤਾਂ ਉਹਨਾਂ ਸਿੰਘਾਂ ਨੂੰ ਭੀ ਚੁਕਕੇ ਵਿਚ ਸੁਟ ਦਿਤਾ ਗਿਆ ਜਿਹੜੇ ਕਿ ਜ਼ਖਮੀ ਹੋਏ ਸਨ, ਪਰ ਅਜੇ ਇਸ ਭਿਆਨਕ ਸਾਕੇ ਨੂੰ ਆਪਣੀਆ ਅੱਖਾਂ ਨਾਲ ਵੇਖ ਰਹੇ ਸਨ। ਸ: ਦਲੀਪ ਸਿੰਘ ਜੋ ਗੁਰਦਵਾਰਾ ਨਨਕਾਣਾ ਸਾਹਿਬ ਦੇ ਪਾਸ ਆਪਣੇ ਕਿਸੇ ਦੋਸਤ ਦੇ ਘਰ ਠਹਿਰੇ ਹੋਏ ਸੀ, ਗੋਲੀਆਂ ਦੀ ਆਵਾਜ਼ ਸੁਣਦੇ ਹੀ ਮੌਕੇ ਤੇ ਪੁਜੇ। ਉਹਨਾਂ ਦੇ ਦੋਸਤ ਨੇ ਉਹਨਾਂ ਨੂੰ ਰੋਕਣ ਦੀ ਕੋਸ਼ਸ਼ ਕੀਤੀ, ਪਰ ਉਹਨਾਂ ਨੇ ਬਿਨਾਂ ਪ੍ਰਵਾਹ ਕੀਤੇ ਆਪਣੇ ਸਾਥੀ ਸ: ਵਰਿਆਮ ਸਿੰਘ ਸਮੇਤ ਉਥੇ ਪੁਜ ਕੇ ਮਹੰਤ ਨੂੰ ਉਚੀ ਚੀਕ ਕੇ ਕਿਹਾ ਕਿ ਹੁਣ ਉਹ ਇਹ ਕਤਲੇਆਮ ਬੰਦ ਕਰੇ।

ਜਵਾਬ ਵਿਚ ਮਹੰਤ ਨੇ ਉਹਨਾਂ ਵਲ ਆਪਣੇ ਰਿਵਾਲਵਰ ਨਾਲ ਫ਼ਾਇਰ ਕੀਤਾ ਤੇ ਸ: ਦਲੀਪ ਸਿੰਘ ਭੀ ਦੂਜੇ ਸ਼ਹੀਦਾਂ ਨਾਲ ਢੇਰੀ ਹੋ ਗਏ। ਸ: ਵਰਿਆਮ ਸਿੰਘ ਦੇ ਸਰੀਰ ਦੇ ਟੁਕੜੇ ਕਰ ਦਿਤੇ ਗਏ।

ਇਸ ਭਿਆਨਕ ਖ਼ਬਰ ਨੂੰ ਸੁਣ ਕੇ ਡਿਪਟੀ ਕਮਿਸ਼ਨਰ ਮਿ: ਕੁਰੇ ਅਧੇ ਦਿਨ ਤੋਂ ਬਾਅਦ ਉਥੇ ਪੁਜਿਆ, ਜਦੋਂ ਕਤਲੇਆਮ ਦਾ ਕੰਮ ਪੂਰਾ ਹੋ ਚੁਕਾ ਸੀ। ਉਹ ਮਹੰਤ ਨਰੈਣ ਦਾਸ ਨਾਲ ਇਕੱਲਾ ਅੰਦਰ ਗਿਆ। ਪੁਲੀਸ ਨੂੰ ਕਿਹਾ ਗਿਆ ਕਿ ਉਹ ਅੱਗ ਬੁਝਾਏ ਤੇ ਰਿਪੋਰਟ ਤਿਆਰ ਕਰ ਕੇ ਕੇਸ ਰਜਿਸਟਰ ਕਰੇ। ਇਹ ਹੈਰਾਨੀਜਨਕ ਸੀ ਕਿ ਡਿਪਟੀ ਕਮਿਸ਼ਨਰ ਦੀ ਹਾਜ਼ਰੀ ਵਿਚ ਭੀ ਮਹੰਤ ਸ਼ਹੀਦ ਸਿੰਘਾਂ ਦੇ ਸਰੀਰ ਜਲਾਉਂਦਾ ਰਿਹਾ। ਠੀਕ ਉਸੇ ਤਰ੍ਹਾਂ ਅੰਮ੍ਰਿਤਸਰ ਦੇ ਡਿਪਟੀ ਕਮਿਸਨਰ ਨੇ ਗੁਰਬਚਨ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਥਾਂ ਉਸ ਨੂੰ ਦਿਲੀ ਭੱਜਣ ਵਿਚ ਮਦਦ ਦਿਤੀ। ਸਰਕਾਰੀ ਅਫ਼ਸਰ ਆਪ ਉਸ ਨੂੰ ਹਵਾਈ ਅੱਡੇ ਤਕ ਰਵਾਨਾ ਕਰਨ ਗਏ। ਗੁਰਬਚਨ ਸਿੰਘ ਭੀ ਮਹੰਤ ਨਰੈਣ ਦਾਸ ਵਾਂਗ ਕਤਲੇ ਆਮ ਹੋਣ ਤੋਂ ਬਾਅਦ ਤੜਪ ਰਹੀਆਂ ਲਾਸ਼ਾਂ ਵਿਚ ਆਪਣਾ ਵਿਸ਼ਵ ਏਕਤਾ ਸੰਮੇਲਨ ਜਾਰੀ ਰਖਦਾ ਹੈ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਰਾਤ ਨੂੰ ਲਾਹੌਰ ਦਾ ਕਮਿਸ਼ਨਰ ਮਿ: ਈ. ਕਿੰਗ ਉਸ ਘਟਨਾ ਵਾਲੀ ਥਾਂ ਪੁਜਦਾ ਹੈ, ਮਹੰਤ ਨਰੈਣ ਦਾਸ ਤੇ ਉਸ ਦੇ ਸਾਥੀ ਪਠਾਣਾਂ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਬਹੁਤ ਸਾਰੇ ਕਾਤਲ ਇਸ ਸਮੇਂ ਵੀ ਮੌਕਾ ਤਾੜ ਕੇ ਭਜ ਜਾਂਦੇ ਹਨ। ਉਦੋਂ ਬ੍ਰਿਟਸ਼ ਰਾਜ ਸੀ, ਜਿਥੇ ਇਨਸਾਫ਼ ਦੀ ਮੰਗ ਕਰਨ ਤੇ ਭੀ ਇਨਸਾਫ਼ ਨਹੀਂ ਸੀ ਮਿਲਦਾ। ਅੱਜ ਲੋਕਤੰਤਰ ਹੈ। ਸਮਝਿਆ ਜਾਂਦਾ ਹੈ ਕਿ ਇਨਸਾਫ਼ ਦਿਵਾਉਣਾ ਸਰਕਾਰ ਦਾ ਨੈਤਿਕ ਤੇ ਕਾਨੂੰਨੀ ਫ਼ਰਜ਼ ਹੈ, ਪਰ ਇਨਸਾਫ਼ ਨਹੀਂ ਮਿਲਦਾ। ਮਹੰਤ ਨਰੈਣ ਦਾਸ ਨੂੰ ਸਾਕੇ ਵਾਲੀ ਰਾਤ ਗ੍ਰਿਫਤਾਰ ਕਰ ਲਿਆ ਜਾਂਦਾ ਹੈ, ਪਰ ਅੰਮ੍ਰਿਤਸਰ ਦੇ ਸਾਕੇ ਦਾ ਜ਼ਿਮੇਦਾਰ ਗੁਰਬਚਨ ਸਿੰਘ ਤਕਰੀਬਨ ਤਿੰਨ ਮਹੀਨੇ ਬੀਤ ਜਾਣਾ ਬਾਅਦ ਭੀ ਗ੍ਰਿਫਤਾਰ ਨਹੀਂ ਕੀਤਾ ਗਿਆ, ਸਗੋਂ ਕੇਂਦਰੀ ਸਰਕਾਰ ਉਸ ਨੂੰ ਸ਼ਰਨ ਦੇ ਰਹੀ ਹੈ। ਕੈਸਾ ਲੋਕਤੰਤਰ ਹੈ ?

ਸ਼ਹੀਦੀ ਸਾਕੇ ਉਪਰੰਤ ਮਿ: ਮੈਕਲੇਗਨ ਗਵਰ-ਨਰ ਪੰਜਾਬ ਗੁਰਦਵਾਰੇ ਪਹੁੰਚਿਆ ਤੇ ਉਸ ਨੇ ਸਿਖਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਨਸਾਫ਼ ਕੀਤਾ ਜਾਵੇਗਾ। ਸਰਕਾਰ ਨੇ ਡਿਪਟੀ ਕਮਿਸ਼ਨਰ ਕੁਰੇ ਨੂੰ ਇਸ ਕਤਲੇਆਮ ਦਾ ਜ਼ਿੰਮੇਵਾਰ ਠਹਿਰਾ-ਉਂਦੇ ਹੋਏ ਲੰਬੀ ਛੁਟੀ ਤੇ ਭੇਜ ਦਿਤਾ। ਮਿ: ਕਿੰਗ ਨੂੰ ਲਾਹੌਰ ਤਬਦੀਲ ਕਰ ਦਿਤਾ ਗਿਆ। ਬ੍ਰਿਟਿਸ਼ ਸਰਕਾਰ ਮਹੰਤ ਨਰੈਣ ਦਾਸ ਨੂੰ ਬਚਾਉਣ ਲਈ ਉਤਾਵਲੀ ਸੀ। ਇਸ ਲਈ ਉਸ ਨੇ ਇਕ ਬੜੇ



www.AKJ.Org

ਚਾਲਾਕ ਪੁਲਿਸ ਅਫਸਰ ਮਿ: ਡੇਵਿਡ ਪਿਟਰਸ ਡੀ. ਆਈ. ਜੀ. ਨੂੰ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੀ ਜਾਂਚ ਪੜਤਾਲ ਕਰਨ ਲਈ ਭੇਜਿਆ, ਤਾਂਕਿ ਮਹੰਤ ਖ਼ਿਲਾਫ਼ ਜੁਰਮ ਦੇ ਇਲਜ਼ਾਮ ਨੂੰ ਕੁਝ ਹਦ ਤਕ ਟਾਲਿਆ ਜਾਵੇ। ਇਸ ਲਈ ਬਹੁਤ ਸਾਰੇ ਸਿਖਾਂ ਨੂੰ ਗ੍ਰਿਫ਼ਤਾਰ ਕਰ ਕੇ ਉਹਨਾਂ ਨੂੰ ਟਾਰਚਰ ਕੀਤਾ ਗਿਆ ਤਾਂਕਿ ਮਹੰਤ ਖ਼ਿਲਾਫ ਗਵਾਹਾਂ ਨੂੰ ਬਿਠਾਇਆ ਜਾ ਸਕੇ । ਮਹਾਤਮਾ ਗਾਂਧੀ ਜੋ ਕਿ ਮਾਰਚ ਵਿਚ ਸ਼ਹੀਦੀ ਸਾਕੇ ਵਾਲੇ ਅਸਥਾਨ ਤੇ ਪਹੁੰਚੇ, ਉਹਨਾਂ ਨੇ ਸਿਖ ਨੇਤਾਵਾਂ ਨੂੰ ਸੁਝਾ ਦਿਤਾ ਕਿ ਉਹ ਸਰਕਾਰੀ ਜਾਂਚ ਪੜਤਾਲ ਦਾ ਬਾਈਕਾਟ ਕਰਨ ਤੇ ਸਰਕਾਰ ਤੋਂ ਮੰਗ ਕੀਤੀ ਜਾਵੇ ਕਿ ਇਕ ਕਮੇਟੀ ਦਵਾਰਾ ਗੈਰ-ਸਰਕਾਰੀ ਜਾਂਚ ਕਰਵਾਈ ਜਾਵੇ।

ਮਹੰਤ ਨੇ ਆਪਣਾ ਕੇਸ ਪਲੀਡ ਕਰਨ ਲਈ ਪਟਨਾ ਦੇ ਅਮਾਮ ਹਸਨ ਨਾਮ ਦਾ ਵਕੀਲ ਕੀਤਾ। ਹਾਈਕੋਰਟ ਦੇ ਜੱਜਾਂ ਨੇ ਆਪਣੇ ਫ਼ੈਸਲੇ ਵਿਚ ਲਿਖਿਆ, "ਕਿ ਮਹੰਤ ਨੂੰ ਪੂਰਾ ਅਧਿਕਾਰ ਸੀ, ਉਹ ਸਵੈ-ਰਖਿਆ ਲਈ ਪਹਿਰੇਦਾਰਾਂ ਤੇ ਬੰਦੂਕਚੀਆਂ ਨੂੰ ਵਰਤੋਂ ਵਿਚ ਲਿਆਉਂਦਾ । ਬਿਨਾਂ ਸ਼ਕ ਉਹ ਨਿਰਾਸ਼ਾ ਤੇ ਜ਼ੁਲਮ ਦਾ ਸ਼ਿਕਾਰ ਸੀ, ਜਿਸ ਕਾਰਨ ਉਹ ਆਪਣਾ ਦਿਮਾਗੀ ਸੰਤੁਲਨ ਗਵਾ ਬੈਠਾ ਸੀ।" ਇਸ ਆਧਾਰ ਤੇ ਮਹੰਤ ਨਰੈਣ ਦਾਸ ਨੂੰ ਉਮਰ ਕੈਦ ਦੀ ਸਜ਼ਾ ਹੋਈ । ਉਸ ਦੇ ਸਾਥੀਆਂ ਵਿਚੋਂ ਪੰਜ ਨੂੰ ਸਜ਼ਾਏ ਮੌਤ ਹੋਈ ਤੇ ਬਾਕੀਆਂ ਨੂੰ ਬਰੀ ਕਰ ਦਿਤਾ ਗਿਆ।

ਨਨਕਾਣਾ ਸਾਹਿਬ ਦੇ ਸਾਕੇ ਤੇ ਸ੍ਰੀ ਅੰਮ੍ਰਿਤਸਰ ਦੇ ਵੈਸਾਖੀ ਦੇ ਸਾਕੇ ਦੀ ਅਸਲੀਅਤ ਹੁਣ ਸਾਡੇ ਸਾਹਮਣੇ ਹੀ ਹੈ। ਅਸੀਂ ਵੇਖਦੇ ਹਾਂ ਕਿ ਦੋਹਾਂ ਹੀ ਕੇਸਾਂ ਵਿਚ ਸਰਕਾਰ ਖ਼ੂਨੀ ਸਾਕੇ ਦੇ ਜ਼ਿਮੇਵਾਰ ਵਿਅਕਤੀਆਂ ਨੂੰ ਬਚਾਉਣਾ ਚਾਹੁੰਦੀ ਹੈ । ਪਰ ਦੋਹਾਂ ਹੀ ਸਾਕਿਆਂ ਵਿਚੋਂ ਇਕ ਫ਼ਰਕ ਲਭਿਆ ਜਾ ਸਕਦਾ ਹੈ । ਉਹ ਹੈ ਸਰਕਾਰ ਤੇ ਇਨਸਾਫ਼ ਦਾ ਫ਼ਰਕ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਵਿਦੇਸ਼ੀ ਸਰਕਾਰ ਸੀ ਤੇ ਇਨਸਾਫ ਲੰਗੜਾ ਸੀ। ਅੱਜ ਹਿੰਦੁਸਤਾਨ ਵਿਚ ਲੋਕ-ਰਾਜ ਹੈ, ਪਰ ਇਨਸਾਫ ਲੂਲ੍ਹਾ ਹੋ ਗਿਆ ਹੈ। ਮਹੰਤ ਨਰੈਣ ਦਾਸ ਨੂੰ ਉਮਰ ਕੈਦ ਹੋਈ, ਪਰ ਗੁਰਬਚਨ ਸਿੰਘ ਨੂੰ ਗ੍ਰਿਫਤਾਰ ਵੀ ਨਹੀਂ ਕੀਤਾ ਗਿਆ। ਮਹੰਤ ਦੇ ਸਾਥੀਆਂ ਨੂੰ ਫਾਂਸੀ ਹੋਈ, ਪਰ ਗੁਰਬਚਨ ਦੇ ਸਾਥੀ ਫਰਾਰ ਹਨ। ਸਰਕਾਰ ਤੇ ਪੁਲੀਸ ਆਪਣੇ ਹੀ ਦੇਸ਼ ਵਿਚੋਂ ਦੋਸ਼ੀਆਂ ਨੂੰ ਪਕੜਨ ਲਈ ਅਸਮੱਰਥ ਹੈ । ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚਲੀ ਇਹ ਤੁਕ ਅਜੋਕੇ ਹਾਲਾਤ ਤੇ ਢੁਕਦੀ ਹੈ—

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥

ਤਿਲੰਗ ਮ: ੧, ਪੰਨਾ ੭੨੨

["ਖਾਲਸਾ ਸਮਾਚਾਰ" ੬ ਤੇ ੧੩ ਜੁਲਾਈ ਵਿਚੋਂ

---

## "ਜੱਗ-ਬਾਣੀ" ਦਾ ਬਾਈਕਾਟ ਕਰੋ

ਨਕਲੀ ਨਿਰੰਕਾਰੀਆਂ ਦੇ ਪੱਖ ਨੂੰ ਪੂਰਨ ਲਈ 'ਜੱਗ ਬਾਣੀ' ਅਖ਼ਬਾਰ ਗੁਰਮੁਖੀ ਵਿਚ ਕਢਿਆ ਗਿਆ ਹੈ। ਇਹ ਖੰਡ ਵਿਚ ਲਪੇਟੀ ਜ਼ਹਿਰ ਹੈ ਅਤੇ ਨਿਰੀ ਠੱਗੀ ਹੈ, ਕਿਉਂ ਜੁ ਮਾਇਆ ਦੇ ਲਾਲਚ ਪਿਛੇ, ਧਰਮ ਨੂੰ ਛਿਕੇ ਟੰਗ ਕੇ, ਅਧਰਮ ਤੇ ਅਧਰਮੀਆਂ ਦਾ ਪਰਚਾਰ ਕਰਨ ਲਈ ਇਹ ਖਰਚਾ ਜਾਰੀ ਕੀਤਾ ਗਿਆ ਹੈ। ਕੋਈ ਵੀ ਸਿਖ ਇਸ ਪਰਚੇ ਨੂੰ ਮੂੰਹ ਨਾ ਲਾਵੇ ਅਤੇ ਆਪਣੇ ਪਿੰਡ ਵਿਚ ਇਸ ਨੂੰ ਵੜਨ ਨਾ ਦਿਤਾ ਜਾਵੇ।

**ਕੈਨੇਡਾ ਤੇ ਯੂ.ਐਸ.ਏ. ਦੇ ਵੀਰਾਂ** ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਰਕਮ ਭੇਜਣ ਲਗਿਆਂ ਜੇ ਅੰਮ੍ਰਿਤਸਰ ਦੇ, ਨਹੀਂ ਤਾਂ ਇੰਡੀਆ ਦੇ ਕਿਸੇ ਬੈਂਕ ਦਾ ਡਰਾਫ਼ਟ ਰੁਪਿਆਂ ਵਿਚ ਬਣਵਾ ਕੇ ਭੇਜਣ ਤਾਂ ਬੈਂਕ ਦੀ ਕਟੌਤੀ (ਕਮਿਸ਼ਨ) ਬਹੁਤ ਸਾਰੀ ਬਚ ਸਕਦੀ ਹੈ ਅਤੇ ਸਮਾਂ ਵੀ ਬਚਦਾ ਹੈ।



www.AKJ.Org

# ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ

ਵਲੋਂ:—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ

[ਲੜੀ ਜੋੜਨ ਲਈ ਵੇਖੋ ਪਿਛਲਾ ਲੇਖ ਮਾਰਚ ੧੯੭੮]

## *ਵਿਆਕਰਣ*

ਵਿਆਕਰਣ ਉਸ ਵਿਗਿਆਨ (ਵਿਦਿਆ) ਦਾ ਨਾਂ ਹੈ ਜੋ ਬੋਲੀ ਦੇ ਉਚਾਰਨ ਅਤੇ ਲਿਖਤ ਦੇ ਨੇਮਾਂ ਨੂੰ ਪਰਗਟ ਕਰਦਾ ਹੈ। ਸੰਸਾਰ ਭਰ ਦੀਆਂ ਸਾਰੀਆਂ ਬੋਲੀਆਂ ਦਾ ਆਪੋ ਆਪਣਾ ਵਿਆਕਰਣ ਹੁੰਦਾ ਹੈ। ਵਿਆਕਰਣ ਇਕ ਸਾਧਨ ਹੈ, ਜਿਸ ਦੁਆਰਾ ਪਿਛਲੇ ਲਿਖੇ ਸਾਹਿੱਤ ਨੂੰ ਸਮਝਣ ਸਮਝਾਉਣ ਵਿਚ ਅਤੇ ਅਗੋਂ ਸਾਹਿੱਤ ਲਿਖਣ ਵਿਚ ਸਹਾਇਤਾ ਮਿਲਦੀ ਹੈ।

## *ਗੁਰਬਾਣੀ ਵਿਆਕਰਣ*

ਗੁਰਬਾਣੀ ਸੰਕਲਨ (ਸੰਗ੍ਰਹਿ ਕਰਨ) ਦੇ ਹਰੇਕ ਪੱਖ ਵਿਚ ਬੜੀ ਸੁਚੱਜੀ ਵਿਉਂਤ ਵਰਤੀ ਹੋਈ ਹੈ। ਘੁਰਬਾਣੀ ਦੀ ਲਿਖਾਈ ਦੀ ਆਪਣੀ ਵਿਲੱਖਣ ਅਤੇ ਮਹੱਤਵ-ਪੂਰਣ ਨਿਯਮਾਵਲੀ ਹੈ। ਜਿਨ੍ਹਾਂ ਨਿਯਮਾਂ ਅਨੁਸਾਰ ਗੁਰਬਾਣੀ ਅੰਕਿਤ ਕੀਤੀ ਹੋਈ ਹੈ, ਉਹਨਾਂ ਨੂੰ ਲਭ ਕੇ ਗੁਰਬਾਣੀ ਦੀਆਂ ਉਦਾਹਰਣਾਂ ਦੇ ਅਧਾਰ ਤੇ, ਉਹਨਾਂ ਦੀ ਹੋਂਦ ਨੂੰ ਸਿਧ ਕਰਨ ਵਾਲੀ ਰੇਚਨਾ ਦਾ ਨਾਂ ਗੁਰਬਾਣੀ-ਵਿਆਕਰਣ ਹੈ।

## *ਬੋਲੀ*

'ਮਨ' ਮਨੁੱਖ ਦੀ ਸੋਚਣ ਸ਼ਕਤੀ ਹੈ। ਬਾਹਰਲੇ ਨਜ਼ਾਰਿਆਂ ਅਤੇ ਘਟਨਾਵਾਂ ਬਾਰੇ ਸੁਨੇਹੇ ਮਨੁੱਖ ਦੇ ਗਿਆਨ-ਇੰਦਰਿਆਂ ਰਾਹੀਂ ਮਨ ਨੂੰ ਪੁਜਦੇ ਹਨ, ਜਿਨ੍ਹਾਂ ਤੋਂ ਮਨ ਦੇ ਅੰਦਰ ਭਾਵ ਉਪਜਦੇ ਹਨ। ਇਹ ਮਨੋ-ਭਾਵ ਫੇਫੜਿਆਂ, ਸਾਹ ਦੀ ਨਾਲੀ, ਗਲੇ, ਜ਼ਬਾਨ, ਤਾਲੂ, ਦੰਦਾਂ, ਅਤੇ ਹੋਠਾਂ ਦੀ ਮਿਲਵੀਂ ਸਹਾਇਤਾ ਨਾਲ ਅਵਾਜ਼ ਦਾ ਰੂਪ ਧਾਰ ਕੇ ਪ੍ਰਗਟ ਹੁੰਦੇ ਹਨ।

ਵਖ ਵਖ ਧੁਨੀਆਂ (ਅਵਾਜ਼ਾਂ) ਨੂੰ ਕਿਸੇ ਢੰਗ ਤੇ ਤਰਤੀਬ ਵਿਚ ਸੰਗੱਠਤ ਕਰ ਕੇ ਬੋਲੇ ਜਾਣ ਨੂੰ ਬੋਲੀ ਆਖਦੇ ਹਨ। ਪੰਜਾਬ ਦੇਸ਼ ਦੇ ਵਾਸੀ ਜੋ ਬੋਲੀ ਬੋਲਦੇ ਹਨ, ਉਸ ਨੂੰ 'ਪੰਜਾਬੀ' ਕਿਹਾ ਜਾਂਦਾ ਹੈ। ਬੋਲੀ ਨੂੰ ਲਿਖਤੀ ਰੂਪ ਦੇਣ ਲਈ ਵਖ ਵਖ ਧੁਨੀਆਂ (ਅਵਾਜ਼ਾਂ) ਲਈ ਵਖ ਵਖ ਚਿੰਨ੍ਹ ਨਿਸਚਿਤ ਹਨ। ਪੰਜਾਬੀ (ਗੁਰਮੁਖੀ) ਬੋਲੀ ਦੇ ਲਿਖਣ-ਚਿੰਨ੍ਹਾਂ ਦੇ ਤਿੰਨ ਰੂਪ ਹਨ :—

(੧) ਅੱਖਰ (੨) ਲਗਾਂ, ਅਤੇ (੩) ਲਗਾਖਰ।

## *ਅੱਖਰ—*

ਗੁਰਮੁਖੀ ਬੋਲੀ ਦੇ ਪੈਂਤੀ ਅੱਖਰ ਹਨ। ਇਸ ਲਈ ਇਸਨੂੰ ਪੈਂਤੀ-ਅਖਰੀ ਵੀ ਕਿਹਾ ਜਾਂਦਾ ਹੈ। ਇਸ ਦੀਆਂ ਪੰਜ ਪੰਜ ਅੱਖਰਾਂ ਦੀਆਂ ਹੇਠ ਲਿਖੀਆਂ ਸਤ ਟੋਲੀਆਂ ਹਨ :—

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |



www.AKJ.Org

| | | | | |
|---|---|---|---|---|
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

ਨਵੀਨ ਕਾਲ ਵਿਚ ਸ ਖ ਗ ਜ ਫ ਅੱਖਰਾਂ ਹੇਠ ਬਿੰਦੀ ਲਾ ਕੇ ਪੰਜ ਹੋਰ (ਸ਼ ਖ਼ ਗ਼ ਜ਼ ਫ਼) ਅਵਾਜ਼ਾਂ ਦਾ ਵਾਧਾ ਕੀਤਾ ਗਿਆ ਹੈ। ਨਵੀਨ ਸਾਹਿੱਤ ਵਿਚ ਕਿਧਰੇ ਕਿਧਰੇ 'ਲ' ਅੱਖਰ ਥਲੇ ਵੀ ਬਿੰਦੀ ਲਗੀ ਮਿਲਦੀ ਹੈ, ਜੋ ਉਸ ਅਵਾਜ਼ ਦੀ ਸੂਚਕ ਹੁੰਦੀ ਹੈ ਜੋ ਜੀਭ ਦੇ ਤਾਲੂ ਦੇ ਪਿਛਲੇ ਹਿੱਸੇ ਨਾਲ ਸਪੱਰਸ਼ ਕੀਤਿਆਂ ਨਿਕਲਦੀ ਹੈ। ਉਪ੍ਰੋਕਤ ਅੱਖਰਾਂ ਵਿਚ ਹੇਠ ਲਿਖੇ ਅੱਖਰਾਂ ਦੀਆਂ ਅਵਾਜ਼ਾਂ ਦਾ ਉਚਾਰਨ ਨਾਸਾਂ ਰਾਹੀਂ ਹੁੰਦਾ ਹੈ, ਇਸ ਲਈ ਇਨ੍ਹਾਂ ਨੂੰ ਅਨੁਨਾਸਕ ਅੱਖਰ (Nasals) ਕਿਹਾ ਜਾਂਦਾ ਹੈ :—

ਙ ਞ ਣ ਨ ਮ

ਉਤੇ ਦਿਤੇ ਗਏ ਪੰਜਾਬੀ ਦੇ ਪੈਂਤੀ ਅੱਖਰਾਂ ਵਿਚੋਂ 'ੳ' 'ਅ' 'ੲ', ਇਹ ਤਿੰਨ ਅੱਖਰ ਅਜਿਹੇ ਹਨ, ਜੋ ਲਗਾਂ ਨਾਲ ਮਿਲ ਕੇ ਸੂਰ-ਅਵਾਜ਼ਾਂ (Vowel Sounds) ਨੂੰ ਪ੍ਰਗਟ ਕਰਦੇ ਹਨ, ਇਸੇ ਲਈ ਇਹਨਾਂ ਨੂੰ ਸੂਰ-ਅੱਖਰ ਕਿਹਾ ਜਾਂਦਾ ਹੈ। ਬਾਕੀ ਦੇ ਸਾਰੇ ਅੱਖਰ; ਸ ਤੋਂ ੜ ਤਕ, ਵਿਅੰਜਨ-ਅਵਾਜਾਂ (ਆਪਣੇ ਆਪ ਨਾ ਉਚਾਰਨ ਹੋ ਸਕਣ ਵਾਲੀਆਂ ਅਵਾਜ਼ਾਂ) (Consonant Sounds) ਨੂੰ ਪਰਗਟ ਕਰਦੇ ਹਨ; ਇਸ ਲਈ ਉਨ੍ਹਾਂ ਨੂੰ ਵਿਅੰਜਨ-ਅੱਖਰ ਕਿਹਾ ਜਾਂਦਾ ਹੈ।

ਗੁਰਮੁਖੀ ਦੇ ਉਪ੍ਰੋਕਤ ਅੱਖਰਾਂ ਵਿਚੋਂ 'ਘ' 'ਝ' 'ਢ' 'ਧ' 'ਭ' ਅਤੇ 'ਯ' ਦੇ ਉਚਾਰਨਾਂ ਸਬੰਧੀ ਕੁਝ ਭੇਦ ਹਨ, ਜਿਨ੍ਹਾਂ ਬਾਰੇ ਜਾਣਕਾਰੀ ਲਾਭਦਾਇਕ ਹੋਵੇਗੀ। ਇਹ ਅੱਖਰ ਜਦੋਂ ਕਿਸੇ ਸ਼ਬਦ ਦੇ ਅਰੰਭ ਵਿਚ ਆਉਣ ਤਾਂ ਇਹਨਾਂ ਦਾ ਉਚਾਰਨ ਕੁਝ ਹੋਰਵਾਂ ਹੁੰਦਾ ਹੈ, ਪਰ ਜਦੋਂ ਵਿਚਕਾਰ ਜਾਂ ਅੰਤ ਵਿਚ ਆਉਣ ਤਾਂ ਕੁਝ ਹੋਰ। ਕਈ ਵਾਰੀ ਇਹਨਾਂ ਅੱਖਰਾਂ ਦੇ ਜੁੱਟ ਇਕੱਠੇ ਵੀ ਆਉਂਦੇ ਹਨ, ਜਿਵੇਂ 'ਢੂੰਢ' 'ਭੰਭੀਰੀ' 'ਝਝਰ' ਆਦਿ। ਇਹਨਾਂ ਵਿਚੋਂ ਪਹਿਲੇ ਆਏ ਓਸੇ ਅੱਖਰ ਦਾ ਹੋਰਵਾਂ ਉਚਾਰਣ ਹੁੰਦਾ ਹੈ ਅਤੇ ਮਗਰੋਂ ਆਏ ਦਾ ਹੋਰਵਾਂ।

ਨਿਯਮ ਨੰ: ੧—'ਘ' 'ਝ' 'ਢ' 'ਧ' 'ਭ' ਅੱਖਰਾਂ ਵਿਚੋਂ ਕੋਈ ਅੱਖਰ ਜਦੋਂ ਕਿਸੇ ਸ਼ਬਦ ਦੇ ਅਰੰਭ ਵਿਚ ਆਵੇ ਤਾਂ ਉਸ ਦੇ ਉਚਾਰਨ ਵਿਚ ਪੈਂਤੀ-ਅੱਖਰੀ ਦੀ ਸੰਬੰਧਤ ਟੋਲੀ ਦੇ; ਜਿਸ ਵਿਚ ਉਸ ਦਾ ਅਸਥਾਨ ਹੈ, ਸਭ ਤੋਂ ਪਹਿਲੇ ਅੱਖਰ ਦਾ ਅੰਸ਼ ਹੁੰਦਾ ਹੈ। ਜਿਵੇਂ :—

* 'ਘਾਲ' ਸ਼ਬਦ ਵਿਚ 'ਘ' ਦੇ ਉਚਾਰਨ ਵਿਚ ਇਸ ਅੱਖਰ ਦੀ ਸੰਬੰਧਤ ਟੋਲੀ ਦੇ ਪਹਿਲੇ ਅੱਖਰ 'ਕ' ਦਾ ਅੰਸ਼ ਹੁੰਦਾ ਹੈ।
* 'ਝੋਲੀ' ਸ਼ਬਦ ਵਿਚ 'ਝ' ਦੇ ਉਚਾਰਨ ਵਿਚ ਇਸ ਅੱਖਰ ਦੀ ਸਬੰਧਤ ਟੋਲੀ ਦੇ ਪਹਿਲੇ ਅੱਖਰ 'ਚ' ਦਾ ਅੰਸ਼ ਹੁੰਦਾ ਹੈ।
* 'ਢੋਲ' ਸ਼ਬਦ ਵਿਚ 'ਢ' ਦੇ ਉਚਾਰਨ ਵਿਚ ਇਸ ਅੱਖਰ ਦੀ ਸੰਬੰਧਤ ਟੋਲੀ ਦੇ ਪਹਿਲੇ ਅੱਖਰ 'ਟ' ਦਾ ਅੰਸ਼ ਹੁੰਦਾ ਹੈ।
* 'ਧੇਲਾ' ਸ਼ਬਦ ਵਿਚ 'ਧ' ਦੇ ਉਚਾਰਨ ਵਿਚ ਇਸ ਅੱਖਰ ਦੀ ਸਬੰਧਤ ਟੋਲੀ ਦੇ ਪਹਿਲੇ ਅੱਖਰ 'ਤ' ਦਾ ਅੰਸ ਹੁੰਦਾ ਹੈ।



www.AKJ.Org

* 'ਭਾਂਡਾ' ਸ਼ਬਦ ਵਿਚ 'ਭ' ਦੇ ਉਚਾਰਨ ਵਿਚ ਇਸ ਅੱਖਰ ਦੀ ਸੰਬੰਧਤ ਟੋਲੀ ਦੇ ਪਹਿਲੇ ਅੱਖਰ 'ਪ' ਦਾ ਅੰਸ਼ ਹੁੰਦਾ ਹੈ।

ਨਿਯਮ ਨੰ ੨– 'ਘ' 'ਝ' 'ਢ' 'ਧ' 'ਭ', ਇਹਨਾਂ ਅੱਖਰਾਂ ਵਿਚੋਂ ਕੋਈ ਵੀ ਅੱਖਰ ਜਦੋਂ ਕਿਸੇ ਸ਼ਬਦ ਦੇ ਵਿਚਕਾਰ ਜਾਂ ਅੰਤ ਵਿਚ ਆਵੇ ਜਾਂ ਇਹਨਾਂ ਅੱਖਰਾਂ ਦੇ ਜੁਟ ਵਿਚ ਪਿਛੋਂ ਆਵੇ ਤਾਂ ਪਿਛੋਂ ਆਏ ਅੱਖਰ ਦੇ ਉਚਾਰਨ ਵਿਚ ਉਸ ਦੀ ਸਬੰਧਤ ਟੋਲੀ ਦੀ ਤਰਤੀਬ ਵਿਚ ਤੀਜੇ ਅਤੇ ਉਪ੍ਰੋਕਤ ਅੱਖਰ ਤੋਂ ਪਹਿਲੇ ਅਖਰ ਦਾ ਅੰਸ਼ ਹੁੰਦਾ ਹੈ।

* 'ਵਾਘਾ' ਸ਼ਬਦ ਵਿਚ 'ਘ' ਦੇ ਉਚਾਰਨ ਵਿਚ ਇਸ ਅੱਖਰ ਦੀ ਸੰਬੰਧਤ ਟੋਲੀ ਦੇ ਤੀਜੇ ਅਤੇ ਇਸ ਅਖਰ ਤੋਂ ਪਹਿਲਾਂ ਆਏ 'ਗ' ਅਖਰ ਦਾ ਅੰਸ਼ ਹੁੰਦਾ ਹੈ।

* ਕੋਝਾ' ਸ਼ਬਦ ਵਿਚ 'ਝ' ਦੇ ਉਚਾਰਨ ਵਿਚ ਇਸ ਅੱਖਰ ਦੀ ਸੰਬੰਧਤ ਟੋਲੀ ਦੇ ਤੀਜੇ ਅਤੇ ਇਸ ਅੱਖਰ ਤੋਂ ਪਹਿਲਾਂ ਆਏ 'ਜ' ਅਖਰ ਦਾ ਅੰਸ਼ ਹੁੰਦਾ ਹੈ।

* 'ਗੰਢ' ਸ਼ਬਦ ਵਿਚ 'ਢ' ਦੇ ਉਚਾਰਨ ਵਿਚ ਇਸ ਅੱਖਰ ਦੀ ਸਬੰਧਤ ਟੋਲੀ ਦੇ ਤੀਜੇ ਅਤੇ ਇਸ ਅੱਖਰ ਤੋਂ ਪਹਿਲਾਂ ਆਏ 'ਡ' ਅਖਰ ਦਾ ਅੰਸ਼ ਹੁੰਦਾ ਹੈ।

* 'ਲਧਾ' ਸ਼ਬਦ ਵਿਚ 'ਧ' ਦੇ ਉਚਾਰਨ ਵਿਚ ਇਸ ਅੱਖਰ ਦੀ ਸਬੰਧਤ ਟੋਲੀ ਦੇ ਤੀਜੇ ਅਤੇ ਇਸ ਅੱਖਰ ਤੋਂ ਪਹਿਲਾਂ ਆਏ 'ਦ' ਅੱਖਰ ਦਾ ਅੰਸ਼ ਹੁੰਦਾ ਹੈ।

* 'ਸਭ' ਸ਼ਬਦ ਵਿਚ 'ਭ' ਦੇ ਉਚਾਰਨ ਵਿਚ ਇਸ ਅੱਖਰ ਦੀ ਸਬੰਧਤ ਟੋਲੀ ਦੇ ਤੀਜੇ ਅਤੇ ਇਸ ਅੱਖਰ ਤੋਂ ਪਹਿਲਾਂ ਆਏ 'ਬ' ਅੱਖਰ ਦਾ ਅੰਸ਼ ਹੁੰਦਾ ਹੈ।

**ਲੱਗਾਂ :–**

ਅੱਖਰਾਂ ਦਾ ਇੱਕਲਿਆਂ ਉਚਾਰਨ ਨਹੀਂ ਹੋ ਸਕਦਾ। ਇਹਨਾਂ ਦੇ ਉਚਾਰਨ ਲਈ ਜਿਨ੍ਹਾਂ ਚਿੰਨ੍ਹਾਂ ਦੀ ਸਹਾਇਤਾ ਲਈ ਜਾਂਦੀ ਹੈ, ਉਹਨਾਂ ਨੂੰ 'ਲਗਾਂ' ਕਿਹਾ ਜਾਂਦਾ ਹੈ। ਲਗਾਂ ਇਸ ਪਰਕਾਰ ਹਨ:–

| ਲਗ ਦਾ ਨਾਂ | ਚਿੰਨ੍ਹ |
|---|---|
| ੧. ਮੁਕਤਾ | ਲਗ-ਰਹਿਤ ਅੱਖਰ ਮੁਕਤਾ ਹੁੰਦਾ ਹੈ। |
| ੨. ਕੰਨਾ | ਾ |
| ੩. ਸਿਹਾਰੀ | ਿ |
| ੪. ਬਿਹਾਰੀ | ੀ |
| ੫. ਔਂਕੜ | ੁ |
| ੬. ਦੁਲੈਂਕੜੇ | ੂ |
| ੭. ਲਾਂਵ | ੇ |
| ੮. ਦੁਲਾਵਾਂ | ੈ |
| ੯. ਹੋੜਾ | ੋ |
| ੧੦. ਕਨੌੜਾ | ੌ |

ਗੁਰਬਾਣੀ ਦੀ ਲਿਖਾਈ ਵਿਚ ਲਗਾਂ ਦੀ ਦੂਹਰੀ ਵਰਤੋਂ ਮਿਲਦੀ ਹੈ : ਇਕ ਤਾਂ ਇਹ ਲਗਾਂ ਸ਼ਬਦਾਂ ਦੀ ਬਣਤਰ ਦਾ ਹਿੱਸਾ ਹੁੰਦੀਆਂ ਹਨ, ਜਿਵੇਂ:–

ਸ਼ਬਦ, "ਦਾਤਾ" ਵਿਚ ਅਖ਼ੀਰਲਾ ਕੰਨਾ।
ਸਬਦ, "ਬਾਣੀ" ਵਿਚ ਅਖ਼ੀਰਲੀ ਬਿਹਾਰੀ।
ਸ਼ਬਦ, "ਗੁਰੂ" ਵਿਚ ਅਖ਼ੀਰਲੇ ਦੁਲੈਂਕੜੇ।



www.AKJ.Org

ਇਸ ਤੋਂ ਛੁਟ ਗੁਰਬਾਣੀ ਦੀ ਲਿਖਾਈ ਵਿਚ ਇਹ ਲੱਗਾਂ ਕਾਰਕ-ਚਿੰਨ੍ਹਾਂ ਦੇ ਰੂਪ ਵਿਚ ਵੀ ਲਗੀਆਂ ਮਿਲਦੀਆਂ ਹਨ । ਜਿਵੇਂ :—

੧. 'ਓਅੰਕਾਰਿ' ਬ੍ਰਹਮਾ ਉਤਪਤਿ ॥
੨. ਜਨ ਕੀ ਪੈਜ ਰਖੀ 'ਕਰਤਾਰੇ' ॥
੩. ਰਾਮਦਾਸ 'ਸਰੋਵਰਿ' ਨਾਤੇ ॥
੪. ਅੰਮ੍ਰਿਤਸਰੁ' ਸਿਫਤੀ ਦਾ 'ਘਰੁ' ॥
੫. ਜਿਉ 'ਸਾਬੁਨਿ' ਕਾਪਰ ਊਜਲ ਹੋਤ ॥

ਤੁਕ ਨੰਬਰ ੧ ਵਿਚ 'ਓਅੰਕਾਰਿ' ਸ਼ਬਦ ਦੇ ਅੰਤਲੇ ਰ' ਅੱਖਰ ਨੂੰ ਸਿਹਾਰੀ,
ਤੁਕ ਨੰਬਰ ੨ ਵਿਚ 'ਕਰਤਾਰੇ' ਸ਼ਬਦ ਦੇ ਅੰਤਲੇ 'ਰ' ਅੱਖਰ ਨੂੰ ਲਾਂਵ,
ਤੁਕ ਨੰਬਰ ੩ ਵਿਚ 'ਸਰੋਵਰਿ' ਸ਼ਬਦ ਦੇ ਅੰਤਲੇ 'ਰ' ਅੱਖਰ ਨੂੰ ਸਿਹਾਰੀ,
ਤੁਕ ਨੰਬਰ ੪ ਵਿਚ 'ਅੰਮ੍ਰਿਤਸਰੁ' ਅਤੇ 'ਘਰੁ' ਦੋਹਾਂ ਸ਼ਬਦਾਂ ਦੇ ਅੰਤਲੇ ਅੱਖਰਾਂ ਨੂੰ ਲਗੇ ਔਂਕੜ,
ਤੁਕ ਨੰਬਰ ੫ ਵਿਚਿ 'ਸਾਬੁਨਿ' ਸ਼ਬਦ ਦੇ ਅੰਤਲੇ 'ਨ' ਅੱਖਰ ਨੂੰ ਸਿਹਾਰੀ,

ਉਪਰੋਕਤ ਸ਼ਬਦਾਂ ਵਿਚਲੀਆਂ ਇਹ ਲਗਾਂ ਅਰਥਾਂ ਨਾਲ ਵਿਸ਼ੇਸ਼ ਸਬੰਧ ਰਖਦੀਆਂ ਹਨ । ਕਾਰਕਾਂ ਵਾਲੇ ਪ੍ਰਕਰਣ ਵਿਚ ਖੋਲ੍ਹ ਕੇ ਦਸਿਆ ਜਾਵੇਗਾ ਕਿ ਇਹ ਲੱਗਾਂ ਕਿਨ੍ਹਾਂ ਅਰਥਾਂ ਵਿਚ ਵਰਤੀਆਂ ਹੋਈਆਂ ਹਨ ।

ਲਗਾਖਰ—ਲਗਾਖਰ ਅਜਿਹੇ ਚਿੰਨ੍ਹ ਹਨ ਜੋ ਲਗਾਂ ਵਾਂਗ ਅੱਖਰਾਂ ਨੂੰ ਲਗਦੇ ਹਨ, ਪਰ ਇਨ੍ਹਾਂ ਦਾ ਉਚਾਰਨ ਅੱਖਰਾਂ ਤੇ ਉਨ੍ਹਾਂ ਨੂੰ ਲਗੀਆਂ ਲਗਾਂ ਦੇ ਮਗਰੋਂ ਹੁੰਦਾ ਹੈ । ਇਨ੍ਹਾਂ ਤਿੰਨਾਂ ਲਗਾਖਰਾਂ ਦੇ ਚਿੰਨ੍ਹ ਇਹ ਹਨ—

੧. ਟਿੱਪੀ
੨. ਬਿੰਦੀ
੩. ਅੱਧਕ

ਟਿੱਪੀ ਅਤੇ ਬਿੰਦੀ ਦੀ ਅਵਾਜ਼ ਨਾਸਾਂ ਥਾਣੀ ਹੋ ਕੇ ਨਿਕਲਦੀ ਹੈ, ਇਸ ਲਈ ਇਹ ਅਨੁਨਾਸਿਕ-ਚਿੰਨ੍ਹ ਹਨ । ਅਸੂਲਨ 'ਟਿੱਪੀ' ਮੁਕਤਾ ਅਤੇ ਲੱਘੂ ਲਗਾਂ ਨਾਲ ਆਉਂਦੀ ਹੈ ਅਤੇ ਬਿੰਦੀ ਦੀਰਘ ਲਗਾਂ ਨਾਲ ਵਰਤੀਂਦੀ ਹੈ ।

ਨੋਟ—ਉਪ੍ਰੋਕਤ ਨਿਯਮ ਦੀਆਂ ਉਲੰਘਣਾਂ ਵੀ ਹਨ, ਜਿਵੇਂ—

੧. ਦੁਲੈਂਕੜੇ ਦੀਰਘ ਲਗ ਹੈ ਪਰ ਇਸ ਨਾਲ ਬਿੰਦੀ ਦੀ ਥਾਵੇਂ ਟਿੱਪੀ ਆਉਂਦੀ ਹੈ । ਜਿਵੇਂ :—
ਬੂੰਦ, ਘੂੰਘਰ, ਪੂੰਗਰਾ ਢੂੰਢ ।

੨. 'ਓ' ਅੱਖਰ ਨਾਲ ਭਾਵੇਂ ਲਘੂ ਲਗ ਹੋਵੇ ਭਾਵੇਂ ਦੀਰਘ, ਇਸ ਨਾਲ ਬਿੰਦੀ ਦੀ ਹੀ ਵਰਤੋਂ ਕੀਤੀ ਜਾਂਦੀ ਹੈ । ਜਿਵੇਂ :—ਊਂਧਾ, ਊਂਢੀ, ਊਂਘ, ਉਂਗਲ ।

ਅੱਧਕ ( ੱ )—ਜਿਸ ਅੱਖਰ ਉਤੇ ਅੱਧਕ ਲਗੀ ਹੋਵੇ ਉਸ ਤੋਂ ਅਗਲੇ ਅੱਖਰ ਦੀ ਆਵਾਜ਼ ਦੂਹਰੀ ਹੋ ਕੇ ਬੋਲਦੀ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਵਿਚ ਅੱਧਕ ਚਿੰਨ੍ਹ ( ੱ ) ਦੀ ਵਰਤੋਂ ਨਹੀਂ ਮਿਲਦੀ । ਇਸ ਤੋਂ ਭਾਸਦਾ ਹੈ ਕਿ ਅੱਧਕ ਮਗਰੋਂ ਦੀ ਕਾਢ ਹੈ ।

ਪਰ ਗੁਰਬਾਣੀ ਵਿਚ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਪਾਠ ਅੱਧਕ ਸਹਿਤ ਕਰਨ ਨਾਲ ਹੀ ਉਨ੍ਹਾਂ ਦਾ ਉਚਾਰਨ ਸ਼ੁਧ ਬਣਦਾ ਹੈ, ਜਿਵੇਂ—


www.AKJ.Org

| ਸ਼ਬਦ | ਉਚਾਰਨ | | |
|---|---|---|---|
| ਮੁਸਲਾ | ਮੁਸੱਲਾ | ਉਚਕਾ | ਉਚੱਕਾ |
| ਮਸਕਤਿ | ਮਸ਼ੱਕਤਿ | ਕੁਚਜੀ | ਕੁਚੱਜੀ |
| ਬਿਰਕਤ | ਬਿਰੱਕਤ | ਸਵਲੀ | ਸਵੱਲੀ |
| ਫਰਕ | ਫਰੱਕ | ਸਰਬਤ | ਸਰਬੱਤ |
| ਮੁਕਦਮ | ਮੁਕੱਦਮ | ਬਿਚਖਣਿ | ਬਿਚੱਖਣਿ |
| ਕੁਸਤ | ਕੁਸੱਤ | ਦੁਲਭ | ਦੁਲੱਭ |
| | | ਵਿੜਤੇ | ਵਿੜੱਤੇ |

ਅਰਥਾਂ ਦੀ ਸਪੱਸ਼ਟਤਾਈ ਲਈ ਅਜਿਹੇ ਸ਼ਬਦਾਂ ਦਾ ਅੱਧਕ ਸਹਿਤ ਉਚਾਰਨ ਕੀਤੇ ਜਾਣ ਦੀ ਪ੍ਰਥਾ ਪੁਰਾਤਨ ਚਲੀ ਆ ਰਹੀ ਹੈ ਅਤੇ ਸੰਪ੍ਰਦਾਈ ਗਿਆਨੀ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਅਤੇ ਲੋੜੀਂਦੀ ਥਾਵੇਂ ਅੱਧਕ ਸਹਿਤ ਉਚਾਰਨ ਕਰਦੇ ਹਨ। ਜੇ ਅਜਿਹਾ ਨਾ ਕੀਤਾ ਜਾਵੇ ਤਾਂ ਉਚਾਰਨ ਨਿਰਾਰਥਕ, ਓਪਰਾ ਅਤੇ ਰਸ-ਹੀਣ ਹੁੰਦਾ ਹੈ ਅਤੇ ਕਈ ਵਾਰੀ ਅਰਥਾਂ ਵਿਚ ਹੀ ਫ਼ਰਕ ਪੈ ਜਾਂਦਾ ਹੈ, ਜਿਵੇ :

| | |
|---|---|
| ਮੁਸੱਲਾ | ਬੈਠਣ ਦੀ ਸਫ |
| ਮੁਸਲਾ | ਜ਼ਾਲਮ ਜਾਂ ਦੁਰਾਚਾਰੀ |

ਮੁਸਲਮਾਨ ਪੁਰਸ਼ ਵਾਸਤੇ ਨਿਹੰਗ ਸਿੰਘਾਂ ਵਲੋਂ ਵਰਤਿਆ ਜਾਣ ਵਾਲਾ ਨਿਰਾਦਰੀ ਭਰਿਆ ਸ਼ਬਦ

| | |
|---|---|
| ਫਰੱਕ | ਫ਼ੌਰਨ, ਤੁਰਤ |
| ਫ਼ਰਕ | ਅੰਤਰ |
| ਮੱਲ | ਬਲਵਾਨ, ਕੁਸ਼ਤੀ ਕਰਨ ਵਾਲੇ |
| ਮਲੁ | ਮੈਲ |
| ਗੱਲ | ਬਾਤ |
| ਗਲੁ | ਗਲਾ, ਗਰਦਨ |

## ਦੁੱਤ ਅੱਖਰ—

ਦੋ ਅਖਰਾਂ ਦੇ ਸੁਮੇਲ ਤੋਂ ਬਣੇ ਅੱਖਰ ਦੁੱਤ ਜਾਂ ਸੰਜੋਗੀ ਅੱਖਰ ਆਖੀਦੇ ਹਨ। ਦੂਜਾ ਅੱਖਰ ਚਿੰਨ੍ਹ ਰੂਪ ਵਿਚ ਪਹਿਲੇ ਦੇ ਪੈਰ ਵਿਚ ਆਉਂਦਾ ਹੈ। ਗੁਰਬਾਣੀ ਵਿਚ ਆਏ ਦੁੱਤ ਅਖਰਾਂ ਦੇ ਕੁਝ ਨਮੂਨੇ ਇਹ ਹਨ—

| ਅੱਖਰ ਦਾ ਪੂਰਾ ਰੂਪ | ਪੈਰ ਚਿੰਨ੍ਹ ਦਾ ਰੂਪ | |
|---|---|---|
| ਰ | ੍ਰ | ਉਦਾਹਰਣ—ਪ੍ਰਭੂ. ਪ੍ਰੇਮ, ਕ੍ਰਿਪਾ, ਪ੍ਰਾਣ; ਕ੍ਰੋਧ। |
| ਵ | ੍ਵ | ਬਾਸ੍ਵਦੇਵਸ੍ਯ, ਸ੍ਵਾਮੀ, ਦ੍ਵਾਰਾ, ਸ੍ਵਰੂਪੰ, ਬੈਸ੍ਵਾਤਰਹ, ਅਸ੍ਵ, ਸ੍ਵਛੰ ਸ੍ਵਜਨਹ, ਜਗਦੀਸ੍ਵਰਹ, ਪਰਮੇਸ੍ਵਰਹ, ਸ੍ਵਾਨ। |
| ਹ | ੍ਹ | ਪੜ੍ਹਿ, ਬੰਨ੍ਹ, ਕਾਨ੍ਹ, ਨ੍ਹਾਉ, ਚੜ੍ਹਿ। |
| ਯ | ੍ਯ | ਧ੍ਯਾਨ, ਗ੍ਯਾਨ, ਲਬਧ੍ਯੰ, ਜੋਤ੍ਯੰ, ਗ੍ਯਾਨੰ। |

ਸਹਸਕ੍ਰਿਤੀ ਸਲੋਕਾਂ ਅਤੇ ਸਵੱਯਾਂ ਵਿਚ ਆਮ ਕਰਕੇ ਅਤੇ ਹੋਰ ਬਾਣੀ ਵਿਚ ਟਾਵੇਂ ਟਾਵੇਂ ਹੋਰ ਅੱਖਰ ਵੀ ਚਿੰਨ੍ਹ ਰੂਪ ਹੋ ਕੇ ਪੈਰ ਵਿਚ ਅੰਕਿਤ ਮਿਲਦੇ ਹਨ, ਜਿਵੇਂ —

| | | | | |
|---|---|---|---|---|
| ਪੁਸਕ | ਕ੍ਰਿਸੰ | ਜਗਦਰੋ | ਗਰਿਸ | ਅਸਰਜ। |
| ਤ | ਨ | ਗੁ | ਟ | ਚ |

(ਬਾਕੀ ਦੇਖੋ ਸਫ਼ਾ ੨੫ ਦੇ ਹੇਠ)



www.AKJ.Org

# ਸੱਚੋ ਸੱਚ ਵਾਰਤਾ

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਕਰਨ ਵਾਲਿਆਂ ਦੀ ਦੁਰਦਸ਼ਾ

(ਵਲੋਂ—ਭਾਈ ਹਰਿਭਜਨ ਸਿੰਘ ਜੀ, ਮਿੱਠਾ ਟਿਵਾਨਵੀ, ਹਾਲ ਕੁਰਾਲੀ]

ਸੁੰਦਰ ਨਗਰ ਹਿਮਾਚਲ ਪਰਦੇਸ਼ ਇਲਾਕਾ ਹਿਮਾਲਾ ਪਰਬਤ ਦੀਆਂ ਪਹਾੜੀਆਂ ਵਿਚ ਇਕ ਬਹੁਤ ਸੁੰਦਰ ਰਮਣੀਕ ਸ਼ਹਿਰ ਹੈ। ਇਸ ਸ਼ਹਿਰ ਦੇ ਲਾਗੇ ਬਿਆਸ ਦਰਿਆ ਵਿਚੋਂ ਪਹਾੜੀ ਸੁਰੰਗ ਰਾਹੀਂ ਨਹਿਰ ਕਢ ਕੇ ਦਰਿਆ ਸਤਲੁਜ ਵਿਚ ਸੁਟੀ ਗਈ ਹੈ। ਇਸ ਪਾਣੀ ਰਾਹੀਂ ਸਲਾਪੱੜ ਥਾਂ ਤੇ ਬਿਜਲੀ ਪੈਦਾ ਕੀਤੀ ਗਈ ਹੈ। ਸੁੰਦਰ ਨਗਰ ਦੇ ਲਾਗੇ ਬਹੁਤ ਸੁੰਦਰ ਝੀਲ ਬਣੀ ਹੋਈ ਹੈ ਅਤੇ ਨਗਰ ਤੋਂ ਕੁਝ ਦੂਰੀ ਤੇ ਪਹਾੜੀ ਦੀ ਚੋਟੀ ਉਪਰ ਬਹੁਤ ਸੁੰਦਰ ਅਸਥਾਨ ਗੁਰਦਵਾਰਾ ਸਾਹਿਬ ਰਵਾਲ ਸਰ ਜ਼ਿਲਾ ਮੰਡੀ ਵਿਚ ਸੁਸ਼ੋਭਤ ਹੈ। ਇਸ ਜਗ੍ਹਾ ਤੇ ਸਾਹਿਬੇ ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਝ ਸਮਾਂ ਠਹਿਰੇ ਸਨ। ਮੰਡੀ ਸੁਕੇਤ ਦਾ ਰਾਜਾ ਅਤੇ ਰਾਣੀਆਂ ਬਹੁਤ ਸਤਿਕਾਰ ਸਹਿਤ ਦਰਸ਼ਨਾਂ ਲਈ ਆਉਂਦੇ ਅਤੇ ਆਪਣੀਆਂ ਭੇਟਾਵਾਂ ਪੇਸ਼ ਕਰਦੇ। ਇਸ ਅਸਥਾਨ ਤੇ ਪੰਜਾਬ ਸਾਈਡ ਤੋਂ ਬਹੁਤ ਸੰਗਤਾਂ ਦਰਸ਼ਨਾਂ ਲਈ ਜਾਂਦੀਆਂ ਹਨ।

ਸੁੰਦਰ ਨਗਰ ਸ਼ਹਿਰ ਤੋਂ ਤਿੰਨ ਮੀਲ ਦੀ ਵਿਥ ਤੇ ਪਿੰਡ ਨਾਲੀ ਪਹਾੜ ਦੀ ਉਤਰਾਈ ਵਲ ਹੈ। ਉਸ ਪਿੰਡ ਵਿਚ ਇਕ ਬਿਰਧ ਮਾਈ ਪਾਸ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਪੁਸ਼ਤੋ ਪੁਸ਼ਤ ਚਲੀ ਆ ਰਹੀ ਸੀ। ਮਾਈ ਦੋਨੋਂ ਵਕਤ ਸਤਿਕਾਰ ਨਾਲ ਧੂਪ ਬਤੀ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੀ ਸੀ। ਉਸ ਇਲਾਕੇ ਦੇ ਪਹਾੜੀ ਲੋਕ ਆਪਣੀਆਂ ਭੇਟਾਵਾਂ ਪੇਸ਼ ਕਰਦੇ ਸਨ ਅਤੇ ਆਪਣੀਆਂ ਸੁਖਣਾਂ ਸੁਖ ਕੇ ਮਨ ਦੀਆਂ ਮੁਰਾਦਾਂ ਪ੍ਰਾਪਤ ਕਰਦੇ ਸਨ। ਬੁੱਢੀ ਮਾਈ ਦੇ ਗ੍ਰਹਿ ਵਿਖੇ ਸੋਹਣੀਆਂ ਰੌਣਕਾਂ ਲਗੀਆਂ ਰਹਿੰਦੀਆਂ ਸਨ।

---

(੨੪ ਸਫੇ ਦੀ ਬਾਕੀ)

ਕਈ ਸ਼ਬਦਾਂ ਦੇ ਸੰਖਿਪਤ ਰੂਪ ਸ਼ਬਦਾਂ ਦੇ ਬਰਾਬਰ ਹੀ ਲਗੇ ਮਿਲਦੇ ਹਨ, ਜਿਵੇਂ ਸ੍ਵਸਥ, ਅਸਥਲ ਆਦਿ। ਪੈਰ ਵਿਚ ਆਏ ਅੱਖਰਾਂ ਦੇ ਚਿੰਨ੍ਹਾਂ ਦਾ ਉਚਾਰਨ ਉਹਨਾਂ ਦੇ ਸੰਪੂਰਨ ਰੂਪ ਵਾਲਾ ਨਹੀਂ ਹੁੰਦਾ। ਸਗੋਂ ਛੋਟਾ, ਹਲਕਾ ਅਤੇ ਕੋਮਲ ਹੁੰਦਾ ਹੈ। ਅਤੇ ਉਸ ਅੱਖਰ ਨਾਲ ਮਿਲਵਾਂ ਹੁੰਦਾ ਹੈ, ਜਿਸ ਦੇ ਪੈਰ ਵਿਚ ਇਹ ਆਉਂਦੇ ਹਨ। ਪੈਰ ਚਿੰਨ੍ਹ 'ਵ' ਅਤੇ 'ਯ' ਜਿਥੇ ਜਿਥੇ ਸ੍ਵਰ ਰੂਪ ਵਿਚ ਆਉਂਦੇ ਹਨ ਉਹਨਾ ਦੀਆਂ ਆਵਾਜ਼ਾਂ ਕੋਮਲ ਹੋ ਕੇ ਇਸ ਪ੍ਰਕਾਰ ਹੁੰਦੀਆਂ ਹਨ :—

| | | | | |
|---|---|---|---|---|
| ਵ | ਪੈਰ-ਚਿੰਨ੍ਹ ੍ਵ = ਔਂਕੜ (—) + ਅ | ਸ੍ਵਾਮੀ | ਸੁਆਮੀ |
| | | ਗੁਰਦ੍ਵਾਰਾ | ਗੁਰਦੁਆਰਾ |
| ਯ | ਪੈਰ-ਚਿੰਨ੍ਹ ੍ਯ = ਿ ਅ | ਧ੍ਯਾਨ ਧਿਆਨ, | ਗ੍ਯਾਨ ਗਿਆਨ |

ਨੋਟ— : ੧. ਕਈ ਅੱਖਰਾਂ ਨੂੰ ਸਿਹਾਰੀ ਵੀ ਲਗੀ ਹੁੰਦੀ ਹੈ ਅਤੇ ਪੈਰ ਵਿਚ 'ਯ' ਦਾ ਚਿੰਨ੍ਹ ਰੂਪ ਵੀ।

੨. ਗੁਰਬਾਣੀ ਵਿਚ 'ਯ' ਅੱਖਰ ਦੇ ਆਪਣੇ ਸਗਵੇਂ ਰੂਪ ਵਿਚ ਅਤੇ ਚਿੰਨ੍ਹ-ਰੂਪ ਵਿਚ ਉਚਾਰਨ ਸਬੰਧੀ ਇਕ ਵਖਰਾ ਲੇਖ ਤਿਆਰ ਕੀਤੇ ਜਾਣ ਦੀ ਲੋੜ ਹੈ। ਗੁਰੂ-ਮੇਹਰ ਸਦਕਾ ਇਹ ਲੇਖ ਛੇਤੀ ਹੀ ਸੁਹਿਰਦ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤਾ ਜਾਵੇਗਾ।

[ਚਲਦਾ



www.AKJ.Org

ਇਸ ਮਾਨਤਾ ਦੇ ਕਾਰਨ ਉਸ ਇਲਾਕੇ ਦੇ ਪੰਡਤ ਲੋਕ ਬੜੀ ਈਰਖਾ, ਦਵੈਸ਼ ਦੁਬਿਧਾ ਕਰਦੇ ਸਨ। ਬੁਢੜੀ ਮਾਈ ਦੀ ਮਾਨਤਾ ਨੂੰ ਦੇਖ ਕੇ ਸੜਦੇ ਕੁੜਦੇ ਰਹਿੰਦੇ ਹਨ, ਕਿਉਂਕਿ ਪੰਡਤਾਂ ਦੀ ਮਾਨਤਾ ਬਹੁਤ ਘਟ ਗਈ ਸੀ। ਜ਼ਿਆਦਾ ਲੋਕੀ ਆਪਣੀਆਂ ਕਾਮਨਾਵਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਪਾਸੋਂ ਪ੍ਰਾਪਤ ਕਰ ਕੇ ਖੁਸ਼ੀਆਂ ਮਨਾਉਂਦੇ ਸਨ। ਪਹਾੜੀ ਲੋਕ ਸੱਚ ਪੁਰਸ਼ ਵਿਅਕਤੀ ਸਨ।

ਪੰਡਤਾਂ ਨੇ ਕੁਝ ਗੁੰਡੇ ਅਨਸਰ ਨਾਲ ਮਿਲ ਕੇ ਬੁੱਢੀ ਮਾਈ ਪਾਸੋਂ ਪੋਥੀ ਦੇ ਚੁਕਵਾਉਣ ਦਾ ਉਪਰਾਲਾ ਕੀਤਾ, ਤਾਂਕਿ ਮਾਈ ਦੀ ਮਾਨਤਾ ਘਟ ਜਾਏ ਤਾਂ ਲੋਕੀ ਸਾਡੇ ਵਲ ਆਉਣ ਅਤੇ ਸਾਨੂੰ ਸੁਖਣਾ ਦਖਸ਼ਨਾ ਮਿਲੇ। ਗੁੰਡਿਆਂ ਨੇ ਮਿਲ ਕੇ ਮਾਈ ਪਾਸੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰਾਤਰੀ ਨੂੰ ਚੁਰਾ ਕੇ ਨਾਲੀ ਪਿੰਡ ਦੇ ਨਾਲ ਵਗਦੀ ਖੱਡ (ਨਦੀ) ਵਿਚ ਸੁਟ ਦਿਤੀ।

ਸਵੇਰ-ਸਾਰ ਮਾਈ ਨੇ ਰੌਲਾ ਪਾਇਆ, ਪਰ ਪਿੰਡ ਵਾਸੀਆਂ 'ਚੋਂ ਕਿਸੇ ਨਾ ਸੁਣੀ ਅਤੇ ਨਾ ਹੀ ਉਹ ਮਦਦ ਲਈ ਆਏ। ਬੁੱਢੀ ਮਾਈ ਦੇ ਘਰ ਸਿਰਫ ਇਕੋ ਇਕ ਲੜਕੀ ਸੀ। ਨਾ ਪੁਤ ਨਾ ਮਾਲਕ, ਕੋਈ ਵੀ ਨਹੀਂ ਸੀ। ਆਖ਼ਿਰ ਮਾਈ ਨੇ ਰਾਜਾ ਸਾਹਿਬ ਮੰਡੀ ਸੁਕੇਤ ਪਾਸ ਜਾ ਕੇ ਆਪਣੀ ਹਾਲ-ਪੁਕਾਰ ਕੀਤੀ।

ਰਾਜਾ ਨਿਆਂਕਾਰੀ, ਧਰਮੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸੀ, ਕਿਉਂਕਿ ਪੁਸ਼ਤੋ ਪੁਸ਼ਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਸ੍ਰੀ ਸਾਹਿਬ ਸੰਭਾਲ ਵਿਚ ਮੌਜੂਦ ਸੀ, ਜਿਹੜੀ ਕਿ ਹੁਣ ਵੀ ਰਾਜਾ ਸਾਹਿਬ ਦੇ ਪਿਤਾ ਪਿਤਾਮਾ ਤੋਂ ਤੁਰੀ ਆ ਰਹੀ ਸਤਿਕਾਰ ਸਹਿਤ ਸੰਭਾਲ ਵਿਚ ਹੈ। ਰਾਜਾ ਸਾਹਿਬ ਵਲੋਂ ਚੌਕੀਦਾਰ ਅਤੇ ਕਰਮਚਾਰੀਆਂ ਨੂੰ ਭੇਜ ਕੇ ਗੁੰਡਿਆਂ ਅਨਸਰਾਂ ਨੂੰ ਆਪਣ ਪਾਸ ਕਚਹਿਰੀ ਦੇ ਕਟੜੇ ਵਿਚ ਬੁਲਾ ਲਿਆ ਗਿਆ। ਜਦੋਂ ਰਾਜਾ ਸਾਹਿਬ ਨੇ ਪੁਛ ਪੜਤਾਲ ਕੀਤੀ ਤਾਂ ਉਹ ਵਿਅਕਤੀ ਗੁੰਗ ਮੁੰਗ ਸੁੰਨ ਹੋ ਕੇ ਖੜੇ ਰਹੇ। ਰਾਜਾ ਸਾਹਿਬ ਕਹਿਣ ਲਗੇ, ਤੁਸੀਂ ਬੋਲਦੇ ਕਿਉਂ ਨਹੀਂ? ਅਗੋਂ ਇਕ ਬੰਦੇ ਨੇ ਉਤਰ ਵਿਚ ਦਸਿਆ ਕਿ ਸਾਡੇ ਨਾਲ ਬਹੁਤ ਬੁਰੀ ਤਰ੍ਹਾਂ ਮਾਰ ਰਾਤਰੀ ਨੂੰ ਹੋਈ ਹੈ, ਸਾਡੇ ਮੂੰਹ ਸਿਰ ਸੁਜੇ ਪਏ ਹਨ। ਉਸ ਇਸ਼ਾਰਿਆਂ ਨਾਲ ਦਸਿਆ ਕਿ ਲੰਬੀਆਂ ਲੰਬੀਆ ਸਫ਼ੈਦ ਦਾੜ੍ਹੀਆਂ ਵਾਲੇ ਸੋਹਣੇ ਸਫ਼ੈਦ ਚੇਹਰਿਆਂ ਵਾਲੇ ਬਜ਼ੁਰਗ ਸਿੰਘ ਸਨ, ਜਿਨ੍ਹਾਂ ਨੇ ਸਾਨੂੰ ਬੁਰੀ ਤਰ੍ਹਾਂ ਮਾਰ ਮਾਰੀ ਹੈ। ਅਸੀਂ ਤਾਂ ਪੰਡਤਾਂ ਦੇ ਕਹੇ ਲਗ ਕੇ ਪੋਥੀ ਦੀ ਨਿਰਾਦਰੀ ਕੀਤੀ ਅਤੇ ਪਾਣੀ ਨਦੀ ਵਿਚ ਰੋੜ੍ਹ ਦਿਤੀ ਹੈ। ਅਸੀਂ ਉਹ ਜਗ੍ਹਾ ਚਲ ਕੇ ਦਸਦੇ ਹਾਂ, ਜਿਥੇ ਅਸੀਂ ਕੁਫ਼ਰ-ਤੋੜ ਕੰਮ ਕੀਤਾ ਹੈ। ਚੌਕੀਦਾਰ ਕਰਮਚਾਰੀਆਂ ਸਮੇਤ ਉਸੇ ਜਗ੍ਹਾ ਤੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਦੀ ਦੇ ਕੰਢੇ ਵਿਚੋਂ ਕਢੀ ਗਈ। ਜਲ ਦੇ ਨਾਲ ਸਾਰੀ ਬੀੜ ਭਿਜ ਕੇ ਪਤਰੇ ਇਕੱਠੇ ਹੋ ਗਏ ਸਨ। ਸਾਫ ਸੁਥਰੀ ਥਾਂ ਰਖ ਕੇ ਪਤਰੇ ਸੁਕਾ ਕੇ ਬੁੱਢੀ ਮਾਈ ਨੂੰ ਸਤਿਕਾਰ ਸਹਿਤ ਰਾਜਾ ਸਾਹਿਬ ਨੇ ਉਹ ਬੀੜ ਸਪੁਰਦ ਕੀਤੀ। ਹੁਣ ਇਹ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੁੱਢੀ ਮਾਈ ਦੀ ਲੜਕੀ ਪਾਸ ਸਤਿਕਾਰ ਸਹਿਤ ਮੌਜੂਦ ਹੈ।

ਪੂਰਬ ਵਿਸਾਖੀ ੧੯੭੮ ਵਾਲੇ ਦਿਨ ਨਰਕ-ਧਾਰੀਆਂ ਦੇ ਆਗੂ ਗੁਰਬਚਨ ਨੇ ਗੁਰੂ ਸਾਹਿਬਾਨ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਨਿਰਾਦਰੀ ਕੀਤੀ ਹੈ ਅਤੇ ੧੩ ਨਿਹੱਥੇ ਸਿੰਘਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ। ਸਿੰਘ ਆਪਣੇ ਚਵਰ ਤਖ਼ਤ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਨ ਸ਼ਾਨ ਦੀ ਅਜ਼ਮਤ ਨੂੰ ਕਾਇਮ ਰਖਦੇ ਹੋਏ ਸ਼ਹੀਦੀਆਂ ਪਾ ਗਏ ਹਨ। ਜੇ ਇਸ ਖ਼ੂਨੀ ਕਾਂਡ ਦਾ ਇਨਸਾਫ ਸੈਂਟਰਲ ਗੋਰਮਿੰਟ ਨਜ਼ਰ ਅੰਦਾਜ਼ ਕਰੇਗੀ ਤਾਂ ਪੂਰਨ ਵਿਸ਼ਵਾਸ ਰੱਖਣਾ ਚਾਹੀਦਾ ਹੈ ਕਿ ਸ਼ਹੀਦਾਂ ਦਾ ਡੁਲ੍ਹਿਆ ਖ਼ੂਨ ਕਦੇ ਅਜਾਈਂ ਬੇਅਰਥ ਨਹੀਂ ਜਾਏਗਾ। ਨਰਕਧਾਰੀ ਆਗੂ ਪਾਸੋਂ ਸ਼ਹੀਦ ਹੀ ਬਦਲਾ ਲੈ ਕੇ ਛਡਣਗੇ। ਅਵੱਸ਼ਕ ਤੌਰ ਤੇ ਇਸ ਨਕਲੀ ਡੰਭੀ ਗੁਰੂ ਦਾ ਉਹੀ ਬੁਰਾ ਹਾਲ ਹੋਵੇਗਾ, ਜਿਹੜਾ ਕਿ ਪਹਾੜੀ ਲੋਕਾਂ ਦਾ ਹੋਇਆ ਸੀ।



www.AKJ.Org

# ਚੌਂਕੀਆਂ ਜੁਗੋ ਜੁਗ ਅਟੱਲ

ਵਲੋਂ—ਸ: ਪਸ਼ੌਰਾ ਸਿੰਘ ਜੀ, ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਨਵੀਂ ਦਿਲੀ

ਸਾਡੀ ਅਰਦਾਸ ਪੰਜ ਮਿੰਟਾਂ ਵਿਚ ਸਮੁੱਚੀ ਕੌਮ ਦੇ ਅਮੀਰ ਵਿਰਸੇ ਤੇ ਸ਼ਾਨਦਾਰ ਇਤਿਹਾਸ ਨੂੰ ਦੁਹਰਾ ਜਾਂਦੀ ਹੈ। ਇਸ ਵਿਚ ਆਇਆ ਇਕ ਇਕ ਸ਼ਬਦ ਸਿਖ ਪੰਥ ਦੀਆਂ ਮਹਾਨ ਕੁਰਬਾਨੀਆਂ ਅਤੇ ਉਚੇਰੇ ਆਦਰਸ਼ਾਂ ਦਾ ਪ੍ਰਤੀਕ ਹੈ, ਜਿਸ ਤੋਂ ਸਾਨੂੰ ਹਰ ਪਲ ਨਵੀਂ ਪ੍ਰੇਰਨਾ ਮਿਲਦੀ ਰਹਿੰਦੀ ਹੈ। 'ਚੌਂਕੀ' ਦਾ ਭਾਵ ਹੈ ਸਾਵਧਾਨਤਾ ਦੇ ਨਾਲ ਪਹਿਰਾ ਦੇਣਾ, ਚੌਂਕਸੀ ਨਾਲ ਸੰਭਾਲ ਕਰਨੀ, ਚੌਂਕੀਦਾਰੀ ਕਰਨੀ।

ਡਾਕਟਰ ਤਾਰਨ ਸਿੰਘ ਜੀ ਨੇ 'ਸ੍ਰੀ ਅੰਮ੍ਰਿਤਸਰ ਅਸਥਾਪਨਾ ਦਿਵਸ ਦੇ ਸੋਵੀਨਿਯਰ' ਵਿਚ ਲਿਖਿਆ ਹੈ —

"ਚੌਂਕੀਆਂ ਦੇ ਮੁਖ ਪ੍ਰਕਾਰ ਦੋ ਹਨ। ਹਰਿਮੰਦਰ ਦੇ ਅੰਦਰ ਕੀਰਤਨ ਦੀ ਚੌਂਕੀ ਹੁੰਦੀ ਹੈ, ਸਿਖੀ ਦੀ ਆਤਮਾ, ਨੈਤਿਕਤਾ ਦਾ ਪਹਿਰਾ ਹੈ। ਗੁਰਬਾਣੀ ਦਾ ਕੀਰਤਨ ਆਤਮਾ ਨੂੰ ਨਿਰਮਲ ਕਰਦਾ ਹੈ, ਵਿਕਾਰਾਂ ਨੂੰ ਮਾਰ ਕੇ ਕਢਦਾ ਹੈ, ਪੰਜਾਂ ਨੂੰ ਦੂਰ ਰਖਦਾ ਹੈ। ਇਹੋ ਚੌਂਕੀ ਦਾ ਕੰਮ ਹੈ, ਇਹੋ ਚੌਂਕੀਦਾਰੀ ਹੈ। ਇਹ ਜੋਗ ਦੀ ਇਕ ਚੌਂਕੀ ਹੈ। ਪਰਕਰਮਾ ਵਿਚ ਮੁਸ਼ਾਲਾਂ ਬਾਲ ਕੇ ਜਲੂਸ ਰੂਪ ਵਿਚ ਕੀਰਤਨ ਕਰਨਾ—ਇਹ ਅਸਲੋਂ ਰਾਜ ਦੀ ਚੌਂਕੀ ਹੈ। ਇਹ ਉਦੋਂ ਸ਼ੁਰੂ ਹੋਈ ਸੀ ਜਦੋਂ ਗੁਰੂ ਹਰਗੋਬਿੰਦ ਸਾਹਿਬ ਨੂੰ ਨਜ਼ਰਬੰਦ ਕੀਤਾ ਗਿਆ। ਸਰਕਾਰ ਵਿਰੁੱਧ ਰੋਸ ਪ੍ਰਗਟ ਕਰਨ ਲਈ ਇਹ ਚੌਂਕੀ ਸ਼ੁਰੂ ਹੋਈ ਸੀ। ਇਹ ਕਿਸੇ ਤਰ੍ਹਾਂ ਦੇ ਰਾਜਸੀ, ਸਮਾਜੀ ਅਨਿਆਂ, ਧੱਕੇ ਵਿਰੁੱਧ ਰੋਸ ਦੀ ਚੌਂਕੀ ਹੈ। ਸਿੱਖੀ ਦੀ ਪਹਿਰੇਦਾਰੀ ਜਾਂ ਚੌਂਕੀਦਾਰੀ ਦੋਵੇਂ ਤਰ੍ਹਾਂ ਦੀ ਹੈ, ਆਤਮਾ ਜਾਂ ਜੋਗ ਦੀ ਚੌਂਕੀਦਾਰੀ ਤੇ ਰਾਜ ਜਾਂ ਸਮਾਜ ਦੀ ਚੌਂਕੀਦਾਰੀ। ਦੋਹਾਂ ਲਈ ਪ੍ਰੇਰਨਾ ਦਾ ਸੋਮਾ ਬਾਣੀ ਦਾ ਕੀਰਤਨ ਹੈ। ਇਹ ਦੋਵੇਂ ਚੌਂਕੀਆਂ ਸਿੱਖੀ ਨੇ ਸਦਾ ਕਾਇਮ ਰਖਣੀਆਂ ਹਨ।"

ਜਹਾਂਗੀਰ ਦੀ ਹਕੂਮਤ ਦੇ ਅਨਿਆ ਦਾ ਸ਼ਿਕਾਰ ਹੋ ਕੇ ਜਦੋਂ ਮੀਰੀ ਪੀਰੀ ਦੇ ਮਾਲਕ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿਤੇ ਗਏ ਸਨ ਤਾਂ ਉਸ ਵੇਲੇ ਸਿਖਾਂ ਨੇ ਹਕੂਮਤ ਦੇ ਜਬਰ ਵਿਰੁੱਧ ਰੋਸ 'ਚੌਂਕੀ' ਦੇ ਰਾਹੀਂ ਪ੍ਰਗਟਾਇਆ। ਬਾਬਾ ਬੁਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਅਗਵਾਈ ਹੇਠ ਸੈਂਕੜੇ ਸਿਖਾਂ ਦਾ ਜੱਥਾ ਕੀਰਤਨ ਕਰਦਾ ਹੋਇਆ ਗਵਾਲੀਅਰ ਦੇ ਕਿਲ੍ਹੇ ਵਲ ਜਾਂਦਾ ਸੀ, ਕਿਲ੍ਹੇ ਦੀਆਂ ਪ੍ਰਕਰਮਾ ਕਰ ਕੇ ਸਿਖ ਦੀਵਾਰਾਂ ਨੂੰ ਛੁਹ ਕੇ ਨਮਸਕਾਰ ਕਰਦੇ ਤੇ ਵਾਪਸ ਆ ਜਾਂਦੇ ਸਨ। 'ਚੌਂਕੀ' ਦੇ ਅੱਗੇ ਅੱਗੇ ਇਕ ਸਿਖ ਮੁਸ਼ਾਲ ਬਾਲ ਕੇ ਤੇ ਦੂਜਾ ਝੰਡਾ ਚੁੱਕ ਕੇ ਜਾਂਦਾ ਸੀ। ਪਿੰਡਾਂ ਦੇ ਲੋਕੀ ਪੁਛਦੇ, "ਇਹ ਮੁਸ਼ਾਲ ਕਿਉਂ ਬਾਲੀ ਹੈ?" ਸਿਖ ਉਤਰ ਦਿੰਦੇ ਸਨ ਕਿ "ਮੌਕੇ ਦੀ ਹਕੂਮਤ ਅੰਧੇਰੇ ਵਿਚ ਹੈ, ਜਿਸ ਨੇ ਦੁਨੀਆ ਦੇ ਨੂਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਕੈਦ ਕੀਤਾ ਹੋਇਆ ਹੈ, ਅਸੀਂ ਮੁਸ਼ਾਲ ਬਾਲ ਕੇ ਦਿਨੇ ਹੀ ਚਾਨਣ ਕਰ ਰਹੇ ਹਾਂ, ਤਾਂਕਿ ਹਕੂਮਤ ਦੀਆਂ ਅੱਖਾਂ ਖੁਲ੍ਹ ਜਾਣ ਤੇ ਜਨਤਾ ਜਾਗ ਪਵੇ।"

ਸਮਕਾਲੀ ਇਤਿਹਾਸਕਾਰ ਮੁਹਸਨਫਾਨੀ ਨੇ ਆਪਣੀ ਕਿਤਾਬ ਦਬਸਿਤਾਨੇ ਮਜ਼ਾਹਬ ਵਿਚ ਲਿਖਿਆ ਹੈ—

"ਸਿਖ ਤੇ ਮਸੰਦ (ਆਗੂ) ਗਵਾਲੀਅਰ ਜਾਂਦੇ, ਕਿਲ੍ਹੇ ਦੀਆਂ ਦੀਵਾਰਾਂ ਨੂੰ ਜਾ ਛੁਹੰਦੇ ਤੇ ਸਿਰ ਝੁਕਾਂਦੇ ਰਹੇ।'



www.AKJ.Org

ਇਸ ਤਰ੍ਹਾਂ ਚੌਂਕੀ ਦੇ ਨਾਲ ਪੰਜਾਬ ਦੇ ਸਾਰੇ ਪਿੰਡਾਂ ਵਿਚ ਬਗਾਵਤ ਦੀ ਲਹਿਰ ਦੌੜ ਗਈ। ਥਾਂ ਥਾਂ ਰੋਸ ਪ੍ਰਗਟ ਕਰਨ ਲਈ ਚੌਂਕੀਆਂ ਨਿਕਲਣੀਆਂ ਸ਼ੁਰੂ ਹੋ ਗਈਆਂ। ਇਸ ਦਾ ਅਸਰ ਇਹ ਹੋਇਆ ਕਿ ਹਕੂਮਤ ਨੂੰ ਝੁਕਣਾ ਪਿਆ ਤੇ ਸਵਾ ਦੋ ਸਾਲਾਂ ਬਾਅਦ ਹੀ ਗੁਰੂ ਸਾਹਿਬ ਨੂੰ ਰਿਹਾ ਕਰ ਦਿਤਾ ਗਿਆ, ਜਦ ਕਿ ੧੨ ਸਾਲਾਂ ਦੀ ਕੈਦ ਦਾ ਹੁਕਮ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ੧੬੧੨ ਈ: ਦੀ ਦੀਵਾਲੀ ਅੰਮ੍ਰਿਤਸਰ ਮਨਾਈ, ੫੨ ਰਾਜਿਆਂ ਨੂੰ ਰਿਹਾ ਕਰਵਾਇਆ ਤੇ ਬੰਦੀ-ਛੋੜ ਦਾਤਾ ਬਣੇ। ਜਦੋਂ ਸਿਖ ਸੰਗਤਾਂ ਚੌਂਕੀ ਸਾਹਿਬ ਦੀ ਸ਼ਕਲ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਨਾਲ ਗਵਾਲੀਅਰ ਤੋਂ ਵਾਪਸ ਆ ਰਹੀਆਂ ਸਨ ਤਾਂ ਗੁਰੂ ਸਾਹਿਬ ਨੇ ਕਿਹਾ—

"ਜਦ ਵੀ ਸਿਖ ਜਬਰ ਤੇ ਅਨਿਆਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਜਲੂਸ ਦੀ ਸ਼ਕਲ ਵਿਚ ਚੌਂਕੀ ਸਾਹਿਬ ਕਢਣਗੇ, ਮੈਂ ਉਸ ਚੌਂਕੀ ਵਿਚ ਸ਼ਾਮਲ ਹੋਵਾਂਗਾ।"

ਇਸ ਵਾਰ ਅੰਮ੍ਰਿਤਸਰ ਦੇ ਵਿਚ ਵੈਸਾਖੀ ਵਾਲੇ ਦਿਨ ੧੩ ਅਪ੍ਰੈਲ, ੧੯੭੮ ਈ: ਨੂੰ ਇਕ ਅਨੋਖੀ ਚੌਂਕੀ ਨਿਕਲੀ। ਲੱਖਾਂ ਹੀ ਸਿਖ ਸੰਗਤਾਂ ਦਰਬਾਰ ਸਾਹਿਬ ਖ਼ਾਲਸੇ ਦਾ ਪ੍ਰਕਾਸ਼-ਉਤਸ਼ਵ ਮਨਾ ਰਹੀਆਂ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੱਥੇ ਦੇ ਅਖੰਡ ਕੀਰਤਨੀਏ ਸਿੰਘ ਅਜੀਤ ਨਗਰ ਵਿਚ ਕੀਰਤਨ ਦੀਆਂ ਇਲਾਹੀ ਧੁਨੀਆਂ ਦਾ ਰਸ ਮਾਣ ਰਹੇ ਸਨ। ਉਹ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਨ ਦੀ ਸ਼ਤਾਬਦੀ ਦੇ ਸੰਬੰਧ ਵਿਚ ਸ਼ਰਧਾਂਜਲੀ ਦੇਣ ਲਈ ਇੱਕਤਰ ਹੋਏ ਸਨ, ਕਿਉਂਕਿ ਭਾਈ ਰਣਧੀਰ ਸਿੰਘ ਦਾ ਜਨਮ ੭ ਜੁਲਾਈ, ੧੯੭੮ ਈ: ਵਿਚ ਹੋਇਆ ਸੀ। ਭਿੰਡਰਾਂ ਦੀ ਟਕਸਾਲ ਦੇ ਸਿੰਘ ਸੰਤ ਬਾਬਾ ਜਰਨੈਲ ਸਿੰਘ 'ਖ਼ਾਲਸਾ' ਦੀ ਅਗਵਾਈ ਹੇਠ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਲਈ ਪੁਜੇ ਹੋਏ ਸਨ।

ਇਸ ਮਹਾਨ ਦਿਵਸ ਤੇ ਨਿਰੰਕਾਰ ਦੇ ਦਰਸ਼ਨ ਕਰਾਉਣ ਦਾ ਦਾਅਵਾ ਕਰਨ ਵਾਲੇ ਦੰਭੀ ਤੇ ਦੁਰਾਚਾਰੀ ਗੁਰਬਚਨ ਸਿੰਹੁ ਆਪਣੀ ਜੁੰਡਲੀ ਸਮੇਤ ਅੰਮ੍ਰਿਤਸਰ ਵਿਖੇ ਜਲੂਸ ਕਢ ਕੇ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੜੀ ਹੈਂਕੜ ਨਾਲ ਨਿੰਦਾ ਕਰ ਰਿਹਾ ਸੀ। ਉਹ ਵਿਭਚਾਰੀ ਕਹਿੰਦਾ ਸੀ—

"ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜੇ, ਮੈਂ ਸਤ ਸਿਤਾਰੇ ਬਣਾਏ ਹਨ।... ਗੁਰੂ ਗੋਬਿੰਦ ਸਿੰਘ ਨੂੰ ਭਗਤੀ ਦਾ ਕੀ ਪਤਾ ਸੀ, ਉਹ ਤਾਂ ਸਾਰੀ ਉਮਰ ਲੜਾਈਆਂ ਹੀ ਲੜਦਾ ਰਿਹਾ।... ਸਿਖ ਕੌਮ ਇੰਨੀ ਝੱਲੀ ਹੈ ਕਿ ਥਾਂ ਥਾਂ ਗੁਰਦੁਆਰੇ ਉਸਾਰ ਦਿੰਦੀ ਹੈ, ਜਿਥੇ ਗੁਰੂਆਂ ਨੇ ਘੋੜੇ ਬੱਧੇ ਜਾਂ ਕਿਲ੍ਹੇ ਗਡੇ ਸਨ।... ਸਿਖ ਇਕ ਨਿਰਜਿੰਦ ਪੁਸਤਕ (Dead Book) ਨੂੰ ਹੀ ਗੁਰੂ ਬਣਾਈ ਬੈਠੇ ਹਨ। ਸ੍ਰਿਸ਼ਟੀ ਦੀ ਰਚਨਾ ਤੋਂ ਲੈ ਕੇ ਅਜ ਤੀਕ ਜਿੰਨੇ ਵੀ ਗੁਰੂ, ਪੀਰ, ਪੈਗੰਬਰ ਹੋਏ ਹਨ, ਕਿਸੇ ਨੇ ਵੀ ਧਾਰਮਿਕ ਪੁਸਤਕਾਂ ਨੂੰ ਗੁਰੂ ਨਹੀਂ ਮੰਨਿਆ.. ..।"

ਇਸ ਮੂਰਖ ਗੁਰਬਚਨ ਸਿੰਹੁ ਨੇ ਗੁਰੂ ਪਾਤਸ਼ਾਹ ਦੀਆਂ ਨਕਲਾਂ ਰੀਸਾਂ ਲਾ ਕੇ ਮਜ਼ਾਕ ਉਡਾਇਆ ਤੇ ਆਪਣੇ ਪਰਿਵਾਰ ਦੇ ਨਾਮ ਗੁਰੂ ਸਾਹਿਬਾਨ ਦੇ ਪਰਵਾਰਾਂ ਵਾਲੇ ਰਖ ਕੇ ਸ੍ਵਾਂਗ ਰਚੇ। ਇਥੋਂ ਤਕ ਕਿ ਸ੍ਰੀ ਅੰਮ੍ਰਿਤਸਰ ਦੀ 'ਕਾਰ ਸੇਵਾ' ਨੂੰ ਬੇਕਾਰ ਸੇਵਾ ਕਿਹਾ। ਆਪਣੇ ਆਪ ਨੂੰ ਅਜੋਕੇ ਸਮੇਂ ਦਾ ਅਵਤਾਰ ਹੋਣ ਦਾ ਐਲਾਨ ਕਰਦਾ ਹੈ ਕਿ "ਜਿਸ ਤਰ੍ਹਾਂ ਸਮੇਂ ਸਮੇਂ ਪੈਗੰਬਰ ਜ਼ਿੰਮੇਵਾਰੀ ਨਿਭਾਉਂਦੇ ਰਹੇ ਹਨ—ਜਿਹਾ ਕਿ ਨੂਹ, ਜਨਕ, ਰਾਮ, ਕ੍ਰਿਸ਼ਨ, ਮੂਸਾ, ਈਸਾ, ਮੁਹੰਮਦ, ਕਬੀਰ, ਨਾਨਕ ਤੇ ਦਿਆਲ—ਉਹ ਆਪਣੀ ਜ਼ਿੰਮੇਵਾਰੀ ਦੂਜਿਆਂ ਨੂੰ ਸੌਂਪਦੇ ਰਹੇ ਹਨ, ਇਸੇ ਤਰ੍ਹਾਂ ਮੇਰੇ ਪੂਰਬਜ ਸਤਿਗੁਰੂ ਬਾਬਾ ਅਵਤਾਰ ਸਿੰਘ ਜੀ ਨੇ ਹੁਣ ਸਾਰੀ ਜ਼ਿੰਮੇਵਾਰੀ ਮੇਰੇ ਮੋਢਿਆਂ ਤੇ ਰਖ ਦਿਤੀ ਹੈ।"

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਇਕ ਲੇਖ ਵਿਚ ਠੀਕ ਲਿਖਿਆ ਹੈ ਕਿ ਇਹ ਨਿਰੰਕਾਰੀਏ ਨਹੀਂ,



www.AKJ.Org

ਨਿਰੇ ਵਿਕਾਰੀਏ ਹਨ, ਜਿਨ੍ਹਾਂ ਦੇ ਪ੍ਰਚਾਰ ਦਾ ਧੁਰਾ ਇਹ ਹੀ ਹੈ ਕਿ "ਸ਼ਰਾਬ ਆਤਮਕ ਅਵਸਥਾ ਵਿਚ ਕੋਈ ਰੁਕਾਵਟ ਨਹੀਂ। ਗਊ ਤੇ ਸੂਰ ਦਾ ਮਾਸ ਰਲਾ ਕੇ ਖਾਣਾ ਚਾਹੀਦਾ ਹੈ। ਬੀਵੀਆਂ ਦੀ ਸਵੈਪਿੰਗ (ਬਦਲਣ) ਨੂੰ ਉਹ ਧਰਮ ਕਹਿੰਦਾ ਹੈ। ਨਾਮ ਦੇਣ ਦੇ ਬਹਾਨੇ ਕਾਮ ਦੇ ਖੇਲ ਖੇਲਦਾ ਹੈ। ਅਤੇ ਪਤ ਲੁਟਾ ਚੁਕੇ ਲੋਕੀ ਫਿਰ ਬੋਲਦੇ ਨਹੀਂ।"

ਨਕਲੀ ਨਿਰੰਕਾਰੀਆਂ ਦੇ ਇਸ ਆਗੂ ਦੀ ਕੋਝੀ ਤੇ ਗੰਦੇ ਪ੍ਰਚਾਰ ਦੀ ਖਬਰ ਜਦ ਸਿੰਘਾਂ ਦੀ ਕੰਨੀਂ ਪਈ ਤਾਂ 'ਗੁਰ ਕੀ ਨਿੰਦਾ ਸੁਨੈ ਨ ਕਾਨ" ਦੇ ਮਹਾਵਾਕ ਅਨੁਸਾਰ ਉਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ? ਭਾਈ ਫ਼ੌਜਾ ਸਿੰਘ ਦੀ ਅਗਵਾਈ ਹੇਠ ਸਿੰਘਾਂ ਦਾ ਜੱਥਾ ਗੁਰਬਾਣੀ ਪੜ੍ਹਦਾ ਹੋਇਆ 'ਚੌਂਕੀ ਸਾਹਿਬ' ਦੀ ਸ਼ਕਲ ਵਿਚ ਨੰਗੇ ਪੈਰੀਂ ਰੇਲਵੇ ਸਟੈਡੀਅਮ ਵਿਚ ਬਣੇ ਪੰਡਾਲ ਵਲ ਗਿਆ। ਪੰਡਾਲ ਤੋਂ ਕੁਝ ਪਰ੍ਹਾਂ ਹੀ ਪੁਲੀਸ ਨੇ ਸਿੰਘਾਂ ਨੂੰ ਰੋਕਿਆ ਤਾਂ ਮਰਜੀਵੜੇ ਜੱਥੇ ਦੇ ਆਗੂ ਨੇ ਕਿਹਾ "ਸਾਡਾ ਰੋਸ ਪਹੁੰਚਾ ਦਿਓ ਤੇ ਇਹ ਜਲਸਾ ਜਲਦੀ ਤੋਂ ਜਲਦੀ ਬੰਦ ਕਰ ਦਿਤਾ ਜਾਏ। ਅਸੀਂ ਆਪਣੇ ਗੁਰੂ ਸਾਹਿਬਾਨ ਦੀ ਨਿੰਦਾ ਬਰਦਾਸ਼ਤ ਨਹੀਂ ਕਰ ਸਕਦੇ। ਸਾਡੇ ਜਜ਼ਬਾਤ ਉਨ੍ਹਾਂ ਨੂੰ ਪਹੁੰਚਾ ਦਿਓ।" ਕੜਕਦੀ ਧੁੱਪ ਵਿਚ ਸਿੰਘ ਨੰਗੇ ਪੈਰੀਂ ਖੜੇ ਗੁਰਬਾਣੀ ਦਾ ਗਾਇਨ ਕਰਦੇ ਰਹੇ ਤੇ ਕੁਝ ਸਮੇਂ ਬਾਅਦ ਪੁਲਿਸ ਅਧਿਕਾਰੀ ਮੁੜਿਆ ਹੀ ਸੀ ਕਿ ਇਕ ਹੋਰ ਸੁਨੇਹਾ ਆ ਗਿਆ ਕਿ ਗੁਰਬਚਨ ਸਿੰਹੁ ਕਹਿੰਦਾ ਹੈ "ਪੈਗੰਬਰ ਕਿਸੇ ਤੋਂ ਡਰਦਾ ਨਹੀਂ, ਸਿਖਾਂ ਨੂੰ ਸਬਕ ਸਿਖਾ ਕੇ ਹੀ ਜਾਏਗਾ।" ਇਸ ਦੇ ਨਾਲ ਹੀ ਇਸ ਵਿਭਚਾਰੀ ਦੀ ਨਿਜੀ ਫ਼ੌਜ (Para Military force) ਦੇ ਹਜ਼ਾਰਾਂ ਗੁੰਡਿਆਂ ਨੇ, ਜਿਨ੍ਹਾਂ ਦੀ ਅਗਵਾਈ ਜ਼ਰ-ਖਰੀਦ ਆਈ. ਏ. ਐਸ. ਅਫ਼ਸਰ ਕਰ ਰਹੇ ਸਨ, ਗੋਲੀਆਂ ਦੀ ਬਾਰਸ਼ ਆਰੰਭ ਦਿਤੀ, ਜ਼ਹਿਰੀਲੇ ਤੀਰ ਦਬਾਅ (Pressure) ਨਾਲ ਚਲਾਏ ਤੇ ਤੇਜ਼ਾਬ ਦੀਆਂ ਬੋਤਲਾਂ ਸੁਟੀਆਂ। ਇਸ ਖੂਨੀ ਸਾਕੇ ਦਾ ਨਤੀਜਾ ਭਾਈ ਫ਼ੌਜਾ ਸਿੰਘ ਦੀ ਅਗਵਾਈ ਹੇਠ ੧੩ ਸਿੰਘ ਸ਼ਹੀਦ ਹੋਏ, ੫ ਹੋਰ ਆਸੇ ਪਾਸੇ ਖੜੇ ਤੇ ਰਾਹ-ਗੁਜ਼ਰੂ ਮਰੇ ਤੇ ਸੈਂਕੜੇ ਸਿੰਘ ਬੁਰੀ ਤਰ੍ਹਾਂ ਫਟੜ ਹੋ ਕੇ ਡਿਗੇ। ਧਰਤੀ ਖੂਨ ਨਾਲ ਲਾਲ ਹੋ ਗਈ ਤੇ ਸਿੰਘਾਂ ਦੇ ਹਿਰਦੇ ਛਲਣੀ। ਇਹ ਸੀ ਕੀਰਤਨੀਆਂ ਦੀ ਸ਼ਹਾਦਤ, ਜਿਨ੍ਹਾਂ ਇਤਿਹਾਸ ਦੁਹਰਾ ਦਿਤਾ, ਅਤੇ ਆਪਣੇ ਪਵਿਤਰ ਖੂਨ ਦਾ ਤੇਲ ਪਾ ਕੇ ਉਹ ਮੁਸ਼ਾਲ ਜਗਾ ਦਿਤੀ, ਜਿਸ ਨਾਲ ਸੁਤੀ ਕੌਮ ਵੀ ਜਾਗੀ ਤੇ ਪੰਥ ਦੇ ਦੋਖੀਆਂ ਦੀਆਂ ਸਾਜ਼ਸ਼ਾਂ ਦਾ ਪਾਜ ਵੀ ਖੁਲ੍ਹ ਗਿਆ।

੨੯ ਅਪ੍ਰੈਲ ੧੯੭੮ ਈ: ਨੂੰ ਦਿਲੀ ਦੀਆਂ ਸੰਗਤਾਂ ਦੀ ਇਕ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿਚ ਇਹ ਵੀਚਾਰਿਆ ਗਿਆ ਕਿ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਅਜੇ ਤਕ ਦਿਲੀ ਵਿਚ ਕੋਈ 'ਪ੍ਰੋਟੈਸਟ ਮਾਰਚ' ਦਾ ਪ੍ਰੋਗਰਾਮ ਨਹੀਂ ਬਣ ਸਕਿਆ। ਗੁਰਮਤਾ ਹੋਇਆ ਕਿ ਸਰਬੱਤ ਸਾਧ ਸੰਗਤ ਦੀ ਤਰਫ਼ੋਂ ਆਪਣੀਆਂ ਪ੍ਰਬਲ ਭਾਵਨਾਵਾਂ ਦਾ ਪ੍ਰਗ-ਟਾਵਾ ਕਰਨ ਲਈ ੭ ਮਈ, ੧੯੭੮ ਐਤਵਾਰ ਵਾਲੇ ਦਿਨ ਸ਼ਹੀਦਾਂ ਦੇ ਡੁਲ੍ਹੇ ਖੂਨ ਦੇ ਸਤਿਕਾਰ ਵਿਚ ਨਾਮ ਜਪਦਿਆਂ ਤੇ ਕੀਰਤਨ ਕਰਦਿਆਂ ਇਕ ਸ਼ਾਂਤਮਈ 'ਪ੍ਰੋਟੈਸਟ ਮਾਰਚ' ਚੌਂਕੀ ਸਾਹਿਬ ਦੀ ਸ਼ਕਲ ਵਿਚ ਗੁਰਦੁਆਰਾ ਬੰਗਲਾ ਸਾਹਿਬ ਤੋਂ ਆਰੰਭ ਹੋ ਕੇ ਪ੍ਰਧਾਨ ਮੰਤਰੀ ਦੀ ਕੋਠੀ ਜਾਵੇ ਅਤੇ ਇਨਸਾਫ਼ ਲਈ ਫ਼ੌਰੀ ਕਦਮ ਉਠਾਏ ਜਾਣ ਤੇ ਜ਼ੋਰ ਪਾਵੇ। ਗੁਰਮਤੇ ਦੇ ਅਰਦਾਸੇ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਵਾਕ ਇਹ ਆਇਆ :

ਟੋਡੀ ਮਹਲਾ ੫ (ਪੰਨਾ ੭੧੮)

ਹਰਿ ਹਰਿ ਚਰਨ ਰਿਦੈ ਉਰਧਾਰੇ ॥ ਸਿਮਰਿ ਸੁਆਮੀ ਸਤਿਗੁਰੁ ਅਪੁਨਾ ਕਾਰਜ ਸਫਲ ਹਮਾਰੇ ॥੧॥ਰਹਾਉ॥...

ਕਈ ਬੇਸਿਦਕੇ ਅਖੌਤੀ ਆਗੂਆਂ ਨੇ ਇਸ ਚੌਂਕੀ ਸਾਹਿਬ ਸੰਬੰਧੀ ਭੁਲੇਖੇ ਅਤੇ ਰੁਕਾਵਟਾਂ ਪਾਉਣ ਦਾ ਯਤਨ ਕੀਤਾ, ਲੇਕਿਨ ਸੰਗਤਾਂ ਗੁਰੂ ਦੇ ਭਰੋਸੇ ਨਾਲ ਚੜ੍ਹਦੀ ਕਲਾ ਵਿਚ ਰਹੀਆਂ। ੭ ਮਈ, ਐਤਵਾਰ


www.AKJ.Org

ਵਾਲੇ ਦਿਨ ਮੁਸ਼ਾਲ ਜਗਾਈ ਗਈ, ਪੰਜ ਪਿਆਰਿਆਂ ਦੀ ਅਗਵਾਈ ਹੇਠ ਹਜ਼ਾਰਾਂ ਸਿਖ ਸੰਗਤਾਂ ਕੀਰਤਨੀ ਜੱਥਿਆਂ ਸਮੇਤ ਸ਼ਾਮਲ ਹੋਈਆਂ, ਚੌਂਕੀ ਸਾਹਿਬ ਨਿਕਲੀ, ਪੰਥਕ ਜੈਕਾਰਿਆਂ ਤੇ ਕੀਰਤਨ ਦੀਆਂ ਧੁਨੀਆਂ ਨਾਲ ਬ੍ਰਹਿਮੰਡ ਗੂੰਜਿਆ। ਪ੍ਰਧਾਨ ਮੰਤਰੀ ਦੀ ਕੋਠੀ ਦੇ ਬਾਹਰ ਪਹੁੰਚ ਕੇ ਦਿਤੇ ਜਾਣ ਵਾਲੇ ਮੈਮੋਰੰਡਮ ਨੂੰ ਸੰਗਤਾਂ ਵਿਚ ਸੁਣਾਇਆ ਗਿਆ, ਜਿਸ ਵਿਚ ਮੁਖ ਮੰਗਾਂ ਇਸ ਪ੍ਰਕਾਰ ਸਨ :—

੧. ਨਿਰੰਕਾਰੀ ਮੰਡਲ ਦੇ ਉਪਰ ਮੁਕੰਮਲ ਪਾਬੰਦੀ ਲਗਾਈ ਜਾਵੇ, ਜਿਸ ਦੀਆਂ ਫੁਟ-ਪਾਊ ਕਾਰਵਾਈਆਂ ਅਤੇ ਗੁਰੂ ਸਾਹਿਬਾਨ ਵਿਰੁੱਧ ਵਰਤੇ ਗਏ ਅਪਮਾਨ-ਜਨਕ ਸ਼ਬਦ ਦੇਸ਼ ਦੇ ਅਮਨ ਅਤੇ ਧਾਰਮਿਕ ਇਕ-ਸੁਰਤਾ ਲਈ ਬਹੁਤਾ ਵਡਾ ਖ਼ਤਰਾ ਹਨ।
੨. ਗੁਰਬਚਨ ਸਿੰਘ ਤੇ ਉਸਦੇ ਏਜੰਟਾਂ ਨੂੰ, ਜਿਨ੍ਹਾਂ ਦੇ ਵਿਰੁਧ ਗ੍ਰਿਫ਼ਤਾਰੀ ਦੇ ਵਾਰੰਟ ਨਿਕਲ ਚੁਕੇ ਹਨ ਤੇ ਉਹ ਗ੍ਰਿਫ਼ਤਾਰੀ ਦੇਣ ਤੋਂ ਕਤਰਾਂਦੇ ਹਨ, ਜਲਦੀ ਤੋਂ ਜਲਦੀ ਅਗਲੀ ਕਾਰਵਾਈ ਕਰ ਕੇ ਗ੍ਰਿਫ਼ਤਾਰ ਕੀਤਾ ਜਾਵੇ।
੩. ਨਿਰੰਕਾਰੀ ਮੰਡਲ ਦੀ ਪੈਰਾ-ਮਿਲਿਟਰੀ ਫੋਰਸ (Para Military force) ਦੀਆਂ ਗੈਰ ਕਾਨੂੰਨੀ ਕਾਰਵਾਈਆਂ ਦੀ ਮੁਕੰਮਲ ਜਾਂਚ ਪੜਤਾਲ ਕੀਤੀ ਜਾਵੇ, ਕਿਉਂਕਿ ਇਹ ਦੇਸ਼ ਦੀ ਅਖੰਡਤਾ ਲਈ ਇਕ ਧਮਕੀ ਹੈ।

ਸੰਗਤਾਂ ਨੇ ਜੈਕਾਰਿਆਂ ਦੇ ਨਾਲ ਇਨ੍ਹਾਂ ਮੰਗਾਂ ਦੀ ਤਾਈਦ ਕੀਤੀ ਅਤੇ ਮੈਮੋਰੰਡਮ ਨੂੰ ਪੰਜ ਪਿਆਰਿਆਂ ਦੇ ਚਰਨਾਂ ਨਾਲ ਛੁਹਾਇਆ ਗਿਆ। ਸਕਿਉਰਿਟੀ ਵਾਲੇ ਅਫ਼ਸਰ ਸਤਿਕਾਰ ਸਹਿਤ ਪੰਜ ਪਿਆਰਿਆਂ ਨੂੰ ਪੁਲੀਸ ਦੇ ਬਣਾਏ ਘੇਰੇ (Corden) ਨੂੰ ਟਪਾ ਕੇ ਅੰਦਰ ਲੈ ਗਏ ਅਤੇ ਉਨ੍ਹਾਂ ਦੇ ਪਿਛੇ ਪੰਜ ਥਾਪੇ ਗਏ ਸਿੰਘ ਭਾਈ ਹਰਬੰਸ ਸਿੰਘ, ਭਾਈ ਰਛਪਾਲ ਸਿੰਘ, ਭਾਈ ਅਵਤਾਰ ਸਿੰਘ, ਭਾਈ ਮਹਿੰਦਰ ਸਿੰਘ ਅਤੇ ਦਾਸ (ਪਸ਼ੌਰਾ ਸਿੰਘ) ਨਾਲ ਗਏ। ਪਿਛੇ ਸੰਗਤਾਂ ਜੈਕਾਰੇ ਛਡਦੀਆਂ ਤੇ ਕੀਰਤਨ ਕਰਦੀਆਂ ਰਹੀਆਂ। ਕੋਠੀ ਦੇ ਅੰਦਰ ਜਾਣ ਤੋਂ ਪਹਿਲਾਂ ਸਕਿਉਰਿਟੀ ਵਾਲਿਆਂ ਨੇ ਪੰਜ ਪਿਆਰਿਆਂ ਨੂੰ 'ਸਿਰੀ ਸਾਹਿਬ' ਮਿਆਨ ਵਿਚ ਕਰ ਲੈਣ ਦੀ ਬੇਨਤੀ ਕੀਤੀ, ਪਰ ਪੰਜਾਂ ਪਿਆਰਿਆਂ ਨੇ ਸਾਫ਼ ਇਨਕਾਰ ਕਰ ਦਿਤਾ ਤੇ ਕਿਹਾ, "ਅਸੀਂ ਇਥੇ ਗੁਰੂ ਮਹਾਰਾਜ ਦੇ ਹੁਕਮ ਅੰਦਰ ਆਏ ਹਾਂ। ਇਹ ਧਰਤੀ ਅਕਾਲ ਪੁਰਖ ਦੀ ਹੈ, ਅਸੀਂ ਹਾਕਮਾਂ ਨੂੰ ਕੇਵਲ ਉਨ੍ਹਾਂ ਦਾ ਫ਼ਰਜ਼ ਯਾਦ ਕਰਵਾਉਣ ਲਈ ਆਏ ਹਾਂ। ਅਸੀਂ ਸਿਰੀ ਸਾਹਿਬ ਦੇ ਪਹਿਰੇ ਵਿਚ ਹੀ ਜਾਣਾ ਹੈ, ਤੁਸੀਂ ਜਿਹੜਾ ਸਕਿਉਰਿਟੀ ਦਾ ਇੰਤਜ਼ਾਮ ਕਰਨਾ ਹੈ ਕਰ ਲਵੋ।" ਇਸ ਉਪਰੰਤ ਭਾਈ ਮਹਿੰਦਰ ਸਿੰਘ ਨੂੰ ਸਕਿਉਰਿਟੀ ਵਾਲੇ ਕਹਿਣ ਲਗੇ ਕਿ ਪੰਜ ਪਿਆਰਿਆਂ ਦੇ ਅੰਦਰ ਜਾਣ ਲਈ ਕ੍ਰਿਪਾਨਾਂ ਮਿਆਨ ਵਿਚ ਕਰ ਲੈਣੀਆਂ ਜ਼ਰੂਰੀ ਹਨ ਤਾਂ ਉਨ੍ਹਾਂ ਨੇ ਕਿਹਾ, "ਤੁਹਾਨੂੰ ਸਾਡੀ ਮਰਯਾਦਾ ਦਾ ਪਤਾ ਨਹੀਂ ਹੈ, ਸਿਰੀ ਸਾਹਿਬਾਂ ਮਿਆਨ ਵਿਚ ਨਹੀਂ ਹੋ ਸਕਦੀਆਂ, ਤੁਸੀਂ ਆਪਣੀ ਸਕਿਉਰਿਟੀ ਦਾ ਜਿਤਨਾ ਵੀ ਬੰਦੋਬਸਤ ਕਰਨਾ ਹੈ, ਉਹ ਕਰ ਲਵੋ।" ਫਿਰ ਜਦ ਉਨ੍ਹਾਂ ਦੁਬਾਰਾ ਆਖਿਆ ਕਿ 'ਤੁਸੀਂ ਪੰਜ ਪਿਆਰਿਆਂ ਨੂੰ ਇਸ ਬਾਰੇ ਸਮਝਾ ਕੇ ਤਾਂ ਵੇਖੋ" ਤਾਂ ਭਾਈ ਮਹਿੰਦਰ ਸਿੰਘ ਨੇ ਕਿਹਾ, 'ਇਹ ਤੁਸੀਂ ਕੀ ਕਹਿ ਦਿਤਾ ? ਪੰਜ ਪਿਆਰਿਆਂ ਨੂੰ ਅਸੀਂ ਸਮਝਾਈਏ ? ਪੰਜ ਪਿਆਰੇ ਸਾਡੇ ਕਮਾਂਡਰ ਹਨ, ਅਸੀਂ ਉਨ੍ਹਾਂ ਦੇ ਸੇਵਾਦਾਰ ਹਾਂ।" ਇਹ ਗੱਲਾਂ ਹੁੰਦੀਆਂ ਹੀ ਪਈਆਂ ਸਨ ਕਿ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦਾ ਸੁਨੇਹਾ ਆਉਣ ਤੇ ਪੰਜ ਪਿਆਰਿਆਂ ਦੇ ਹੁਕਮ ਨਾਲ ਥਾਪੇ ਗਏ ਪੰਜ ਸਿੰਘ ਪ੍ਰਧਾਨ ਮੰਤਰੀ ਨੂੰ ਮਿਲੇ ਤੇ ਉਨ੍ਹਾਂ ਦੀ ਆਗਿਆ ਅਨੁਸਾਰ ਪ੍ਰਧਾਨ ਮੰਤਰੀ ਨੂੰ ਦਸਿਆ ਕਿ ਉਹ ਇਥੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਆਏ ਹਨ ਅਤੇ ਉਨ੍ਹਾਂ ਦੀ ਹਜ਼ੂਰੀ ਵਿਚ ਹੀ ਗੱਲ ਬਾਤ ਕਰ ਸਕਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ, 'ਮੇਰੇ ਲੀਏ ਤੋ ਆਪ ਭੀ ਪਿਆਰੇ ਹੈਂ।" ਪ੍ਰਧਾਨ ਮੰਤਰੀ ਦੇ ਸਹਿਮਤ



www.AKJ.Org

ਨ ਹੋਣ ਤੇ ਸਿੰਘਾਂ ਨੇ ਅਗੋਂ ਗੱਲਬਾਤ ਕਰਨੋਂ ਨਾਂਹ ਕਰ ਦਿਤੀ ਅਤੇ ਜਦੋਂ ਉਹ ਵਾਪਸ ਆ ਰਹੇ ਸਨ ਤਾਂ ਥੋੜੀ ਦੂਰ ਚਲਣ ਤੇ ਹੀ ਸਿੰਘਾਂ ਨੂੰ ਆਵਾਜ਼ ਦਿਤੀ ਗਈ ਕਿ ਉਹ ਪੰਜ ਪਿਆਰਿਆਂ ਨੂੰ ਅੰਦਰ ਨਾਲ ਲੈ ਕੇ ਆ ਜਾਣ। ਇਸ ਤਰ੍ਹਾਂ ਇਤਿਹਾਸ ਵਿਚ ਪਹਿਲੀ ਵਾਰ ਪੰਜ ਪਿਆਰੇ ਪ੍ਰਧਾਨ ਮੰਤਰੀ ਦੀ ਕੋਠੀ ਵਿਚ ਲਿਸ਼ਕਦੀਆਂ 'ਸਿਰੀ ਸਾਹਿਬਾਂ' ਦੇ ਪਹਿਰੇ ਵਿਚ ਗਏ ਤੇ ਜਾਂਦਿਆਂ ਹੀ ਜੈਕਾਰਾ ਗਜਾਇਆ :—

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫਤਿਹ॥

ਪ੍ਰਧਾਨ ਮੰਤਰੀ ਨੇ ਵੀ ਨਮਸਕਾਰ ਕੀਤੀ। ਹੁਣ ਪੰਜਾਂ ਸਿੰਘਾਂ ਦੇ ਵਿਚੋਂ ਭਾਈ ਰਛਪਾਲ ਸਿੰਘ ਨੇ ਕਿਹਾ, "ਪ੍ਰਧਾਨ ਮੰਤਰੀ ਜੀ! ਆਪ ਪ੍ਰੋਹਿਬਸ਼ਨ (Prohibition) ਸ਼ਰਾਬ-ਬੰਦੀ ਕੀ ਬਾਤ ਕਰਤੇ ਹੈਂ ਮਗਰ ਗੁਰਬਚਨ ਸਿੰਘ ਸ਼ਰਾਬ ਕਾ ਪਰਚਾਰ ਕਰ ਰਹਾ ਹੈ।" ਸ੍ਰੀ ਮੁਰਾਰ ਜੀ ਡਿਸਾਈ ਨੇ ਕਿਹਾ "ਵੁਹ ਪਹਿਲੇ ਕਰਤਾ ਥਾ, ਅਬ ਨਹੀਂ ਕਰਤਾ।" ਭਾਈ ਰਛਪਾਲ ਸਿੰਘ ਨੇ ਦੋ ਐਸੀਆਂ ਫ਼ੋਟੋ-ਸਟੈਟ ਕਾਪੀਆਂ ਪੇਸ਼ ਕੀਤੀਆਂ ਜਿਨ੍ਹਾਂ ਵਿਚ ਗੁਰਬਚਨ ਸਿੰਹੁ ਦੀਆਂ ਸਵੈ-ਵਿਰੋਧੀ (Self Contradictory) ਗੱਲਾਂ ਦੇ ਬਿਆਨ ਸਨ ਤੇ ਕਿਹਾ "ਪ੍ਰਧਾਨ ਮੰਤਰੀ ਜੀ! ਯੇਹ ਦੇਖੀਏ! ਹਮਾਰੇ ਪਾਸ ਸਬੂਤ ਹੈ ਕਿ ਵੁਹ ਆਪਨੇ ਆਪ ਕੋ ਰਾਮ, ਕ੍ਰਿਸ਼ਨ ਕੀ ਤਰਹ ਅਵਤਾਰ ਕਹਿਤਾ ਹੈ ਔਰ ਅਬ ਸਪੱਸ਼ਟੀਕਰਨ ਦੇਤਾ ਹੈ, ਖ਼ੁਦ ਉਸ ਨੇ ਗੁੰਡੇ ਪਾਲ ਰਖੇ ਹੈਂ।' ਕੋਲ ਖੜੇ ਭਾਰਤ ਦੇ ਵਿਦੇਸ਼ ਮੰਤਰੀ ਅਟੱਲ ਵਿਹਾਰੀ ਵਾਜਪਾਈ ਨੇ ਕਿਹਾ, "ਹਿੰਦੁਸਤਾਨ ਮੇਂ ਬਹੁਤ ਸੇ ਭਗਵਾਨ ਹੈਂ, ਰਜਨੀਸ਼ ਭੀ ਅਪਨੇ ਆਪ ਕੋ ਭਗਵਾਨ ਕਹਿਤਾ ਹੈ। ਹਮ ਕਿਸ ਕਿਸ ਕੋ ਗ੍ਰਿਫਤਾਰ ਕਰੇਂ ?... ... ਫਿਰ ਵੁਹ (ਨਿਰੰਕਾਰੀ) ਤੋਂ ਮਾਨਵ ਧਰਮ ਕੀ ਬਾਤ ਕਰਤਾ ਹੈ, ਹਮ ਭੀ ਵਹਾਂ ਜਾਤੇ ਹੈਂ।" ਇਸ ਤੋਂ ਬਾਅਦ ਭਾਈ ਮਹਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਮੈਮੋਰੰਡਮ ਦਿਤਾ ਤੇ ਕਾਨੂੰਨ ਅਨੁਸਾਰ ਇਨਸਾਫ਼ ਦੀ ਮੰਗ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ, "ਕਾਨੂੰਨ ਮੇਂ ਕੋਈ ਬੜਾ ਨਹੀਂ, ਕੋਈ ਛੋਟਾ ਨਹੀਂ, ਆਜ ਪੰਜਾਬ ਕੇ ਮੁਖ ਮੰਤਰੀ ਯਹਾਂ ਆ ਰਹੇ ਹੈਂ, ਉਨ ਸੇ ਬਾਤ ਕਰੇਂਗੇ।" ਹੁਣ ਪੰਜਾਂ ਪਿਆਰਿਆਂ ਨੇ ਬਚਨ ਕਰਦੇ ਹੋਏ ਕਿਹਾ, "ਪ੍ਰਧਾਨ ਮੰਤਰੀ ਜੀ! ਹਮ ਗੁਰੂ ਕੀ ਪ੍ਰੇਰਨਾ ਕੇ ਸਾਥ ਆਪ ਕੇ ਪਾਸ ਆਏ ਹੈਂ, ਆਪ ਕੋ ਪਤਾ ਹੀ ਹੈ ਗੁਰੂ ਤੇਗ ਬਹਾਦੁਰ ਜੀ ਨੇ ਮਹਾਨ ਕੁਰਬਾਨੀ ਕਿਸ ਲੀਏ ਦੀ ਥੀ... ...।" ਪ੍ਰਧਾਨ ਮੰਤਰੀ ਨੇ ਵਿਚੋਂ ਹੀ ਗੱਲ ਕਟਦੇ ਹੋਏ ਕਿਹਾ, "ਯੇਹ ਸੀਖ (ਸਿਖਿਆ) ਹਮੇਂ ਦੇਨੇ ਕੀ ਜ਼ਰੂਰਤ ਨਹੀਂ ਹੈ, I know that."

ਪ੍ਰਧਾਨ ਮੰਤਰੀ ਦੇ ਇਸ ਤਰ੍ਹਾਂ ਗੁਸੇ ਵਿਚ ਬੋਲਣ ਤੇ ਪੰਜ ਪਿਆਰਿਆਂ ਨੇ ਸਖ਼ਤ ਰੋਸ ਕਰਦਿਆਂ ਹੋਇਆਂ ਕਿਹਾ, "ਆਪ ਪ੍ਰਧਾਨ ਮੰਤਰੀ ਹੈਂ, ਆਪ ਕੋ ਇਸ ਤਰ੍ਹਾਂ ਗੁਸਾ ਨਹੀਂ ਕਰਨਾ ਚਾਹੀਏ, ਆਪ ਕਾ ਹਿਰਦਾ ਬਹੁਤ ਵਿਸ਼ਾਲ ਹੋਨਾ ਚਾਹੀਏ।" ਇਹ ਬਚਨ ਸੁਣ ਕੇ ਸ੍ਰੀ ਡਿਸਾਈ ਜੀ ਨੇ ਕਿਹਾ, "ਮੈਂ ਗੁੱਸਾ ਨਹੀਂ ਕਰ ਰਹਾ ਹੂੰ।" ਪੰਜ ਪਿਆਰਿਆਂ ਨੇ ਫਿਰ ਕਿਹਾ, "ਨਹੀਂ, ਆਪ ਗੁੱਸਾ ਕਰ ਰਹੇ ਹੈਂ, ਆਪ ਕੋ ਗ਼ੁੱਸਾ ਨਹੀਂ ਕਰਨਾ ਚਾਹੀਏ।" ਹੁਣ ਪ੍ਰਧਾਨ ਮੰਤ੍ਰੀ ਨੇ ਕਿਹਾ, "ਮੈਂ ਨਾਰਾਜ਼ ਨਹੀਂ ਹੋ ਰਹਾ ਹੂੰ। ਆਪ ਮੇਰਾ ਗਲਾ ਭੀ ਕਾਟ ਦੇਂ ਤੋ ਭੀ ਮੈਂ ਨਾਰਾਜ਼ ਨਹੀਂ ਹੂੰਗਾ।' ਇਸ ਤੇ ਪੰਜ ਪਿਆਰਿਆਂ ਨੇ ਪ੍ਰਧਾਨ ਮੰਤਰੀ ਨੂੰ ਤਾੜਨਾ ਕੀਤੀ ਤੇ ਕਿਹਾ "ਆਪ ਕੋ ਐਸਾ ਸੋਚਨਾ ਭੀ ਨਹੀਂ ਚਾਹੀਏ... ... ਸਿਰੀ ਸਾਹਿਬ ਧਰਮ ਰਕਸ਼ਾ ਕੇ ਲੀਏ ਸ਼ੁਰੂ ਸੇ ਬਨੀ ਹੈ।" ਨਾਲ ਲਗਦੇ ਹੀ ਦਾਸ (ਪਸ਼ੌਰਾ ਸਿੰਘ) ਨੇ ਕਿਹਾ "Sir, these swords are the symbols of self respect and honour, not of violence." ਅਤੇ ਭਾਈ ਮਹਿੰਦਰ ਸਿੰਘ ਭੀ ਬੋਲ ਉਠੇ, "ਇਹ ਸਾਡੀਆਂ ਕ੍ਰਿਪਾਨਾਂ misuse ਵਾਸਤੇ ਨਹੀਂ ਹੁੰਦੀਆਂ।" ਹੁਣ ਪ੍ਰਧਾਨ ਮੰਤਰੀ ਕੁਝ ਸ਼ਾਂਤ ਹੋਏ ਤਾਂ ਪੰਜ ਪਿਆਰਿਆਂ ਨੇ ਫਿਰ ਬਚਨ ਸ਼ੁਰੂ ਕੀਤੇ, ਪਰ ਅਜੇ ਗੁਰੂ ਤੇਗ ਬਹਾਦੁਰ ਜੀ ਦਾ ਨਾਮ ਹੀ ਲਿਆ ਸੀ ਕਿ ਡਿਸਾਈ ਸਾਹਿਬ ਕ੍ਰੋਧ ਵਿਚ ਆ ਗਏ ਤੇ ਕਹਿਣ ਲਗੇ, "ਯੇਹ ਸੀਖ


www.AKJ.Org

(ਸਿਖਿਆ) ਜਾ ਕਰ ਅਪਨੇ ਸ਼ਿਸ਼ੋਂ ਕੋ ਦੋ।" ਇਸ ਤਰ੍ਹਾਂ ਪ੍ਰਧਾਨ ਮੰਤ੍ਰੀ ਦੀ ਬਦਕਿਸਮਤੀ ਕਿ ਉਸ ਨੇ ਗੁਰੂ ਮਹਾਰਾਜ ਦਾ ਨਾਮ ਸੁਨਣ ਤੋਂ ਇਨਕਾਰੀ ਹੋ ਕੇ ਆਪਣੇ ਆਪ ਨੂੰ ਗੁਰੂ ਘਰ ਤੋਂ ਫਿਟਕਾਰ ਦਾ ਅਧਿਕਾਰੀ ਬਣਾ ਲਿਆ। ਹੁਣ ਪੰਜ ਪਿਆਰਿਆਂ ਨੇ ਗੁਰੂ ਸਾਹਿਬ ਦੇ ਹੁਕਮ ਵਿਚ ਸ੍ਰੀ ਸਾਹਿਬ ਲਹਿਰਾਉਂਦਿਆਂ ਹੋਇਆਂ ਗਰਜ ਕੇ ਕਿਹਾ, "ਗੁਰੂ ਦੀ ਪਿਠ, ਪਿਠ......, ਪੰਜ ਪਿਆਰਿਆ ਦੀ ਪਿੱਠ, ਸਾਧ ਸੰਗਤ ਦੀ ਪਿਠ..." ਅਤੇ ਫਿਰ ਹੋਰ ਲਲਕਾਰ ਕੇ ਆਖਿਆ, "ਅਕਾਲ ਪੁਰਖ ਤੇ ਸਿਰੀ ਸਾਹਿਬਾਂ ਦੀ ਸਹਾਇਤਾ ਨਾਲ ਇਨਸਾਫ ਲਵਾਂਗੇ, ਇਹ ਜ਼ੁਲਮ ਹੁਣ ਜ਼ਿਆਦਾ ਦੇਰ ਨਹੀਂ ਰਹੇਗਾ। ਰਾਜ ਸਾਡਾ ਨਿਸ਼ਾਨਾ ਨਹੀਂ। ਅਸੀਂ ਰਾਜ ਦੇ ਭਿਖਾਰੀ ਨਹੀਂ। ਜਦੋਂ ਰਾਜ ਲਿਆ ਖੋਹ ਕੇ ਲਿਆ ਅਤੇ ਅਗੋਂ ਜਦੋਂ ਗੁਰੂ ਭਾਣੇ ਅੰਦਰ ਸਮਾਂ ਆਇਆ,ਖੋਹ ਕੇ ਲਵਾਂਗੇ।" ਪ੍ਰਧਾਨ ਮੰਤਰੀ ਘਬਰਾ ਕੇ ਆਪਣੇ ਕਮਰੇ ਵਲ ਜਾਣ ਲਗੇ ਤੇ ਕੋਲ ਖੜੇ ਵਾਜਪਾਈ ਦੀ ਵੀ ਪੰਜ ਪਿਆਰਿਆਂ ਨੇ ਖੁੰਬ ਠਪੀ ਤੇ ਉਹ ਆਪਣੀ ਕਾਰ ਵਲ ਤੇਜ਼ੀ ਨਾਲ ਚਲੇ ਗਏ। ਇਸ ਤਰ੍ਹਾਂ ਨਾਲ ਪੰਜ ਪਿਆਰੇ ਅਤੇ ਸਿੰਘ ਗੁਰੂ ਸਾਹਿਬਾਂ ਦੀ ਅਪਾਰ ਕਿਰਪਾ ਸਦਕਾ ਨਿਰਭੈਤਾ ਦੀ ਸ਼ਾਨਦਾਰ ਮਿਸਾਲ ਕਾਇਮ ਕਰ ਕੇ ਕੋਲ ਖੜੇ ਸਕਿਉਰਿਟੀ ਅਫ਼ਸਰਾਂ, ਵਜ਼ੀਰਾਂ ਅਤੇ ਹੋਰ ਮੈਂਬਰਾਂ ਨੂੰ ਹੈਰਾਨ ਕਰਦੇ ਹੋਏ ਵਾਪਸ ਸੰਗਤਾਂ ਵਲ ਆ ਗਏ।

ਮੇਰੀ ਹੈਰਾਨੀ ਵਧਦੀ ਜਾ ਰਹੀ ਸੀ ਤੇ ਮਨ ਵਿਚ ਖਿਆਲ ਆਇਆ ਕਿ, "ਜੇਕਰ ਅੱਜ ਦੇ ਸਿੰਘਾਂ ਵਿਚ ਇਤਨੀ ਜੁਰਅਤ ਹੈ ਤਾਂ ਫ਼ਿਰ ਭਾਈ ਦਇਆ ਸਿੰਘ ਜੀ ਦੀ ਬਹਾਦਰੀ ਦਾ ਅੰਦਾਜ਼ਾ ਲਾਉਣਾ ਹੀ ਮੁਸ਼ਕਲ ਹੈ ਜਿਹੜੇ ਔਰੰਗਜ਼ੇਬ ਕੋਲ ਜ਼ਫਰਨਾਮਾ ਲੈ ਕੇ ਗਏ ਤੇ ਉਸਨੂੰ ਵੰਗਾਰ ਪਾ ਕੇ ਆਏ ਸਨ।" ਇਹ ਸਭ ਕੁਝ ਸਤਿਗੁਰਾਂ ਦਾ ਹੀ ਚਮਤਕਾਰ ਹੈ, ਉਸੇ ਦੀ ਬਖਸ਼ੀ ਹੋਈ ਦਲੇਰੀ ਸਿੰਘਾਂ ਵਿਚ ਵਰਤਦੀ ਹੈ—"ਗੁਰਸਿਖਾਂ' ਅੰਦਰ ਸਤਿਗੁਰ ਵਰਤੈ'। ਸਾਡੀ ਨਿਤ ਦੀ ਅਰਦਾਸ ਦੇ ਇਹ ਸ਼ਬਦ "ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਧਰਮ ਕਾ ਜੈਕਾਰ" ਸਾਡੇ ਹਿਰਦਿਆਂ ਵਿਚ ਗੂੰਜਦੇ ਰਹਿਣ ਅਤੇ ਅਸੀਂ ਚੌਂਕੀ ਸਾਹਿਬ (Sense of Protest) ਦੀ ਮਰਯਾਦਾ ਨਾਲ ਅਧਰਮ ਦੀਆਂ ਤਾਕਤਾਂ ਵਿਰੁਧ ਰੋਸ ਪ੍ਰਗਟ ਕਰਦੇ ਰਹੀਏ ਤਾਂਕਿ ਸਾਡੀ ਅਣਖ ਤੇ ਜੁਰਅਤ ਕਾਇਮ ਰਹੇ।

----

# ਸੱਚੇ ਆਸ਼ਕ

ਵਲੋਂ—: ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ (ਗੁੜਗਾਉ)

ਆਸ਼ਕ ਸਿਰ ਤਲੀ ਤੇ ਰਖ ਕੇ, ਯਾਰ ਗਲੀ ਵਿਚ ਆਇਆ ਕਰਦੇ ਨੇ;
ਮਿਝ ਮਾਸ ਦਾ ਗਾਰਾ ਲਾ ਕੇ, ਕੌਮੀ ਮਹਿਲ ਬਣਾਇਆ ਕਰਦੇ ਨੇ।
ਬਣ ਲਾੜੇ ਮੌਤ ਵਿਆਹੁਣ ਲਈ, ਹੱਸ ਹੱਸ ਕੇ ਕਦਮ ਵਧਾਂਦੇ ਨੇ;
ਕਾਤਲ ਨੂੰ ਅਗੋਂ ਮਿਲਣ ਲਈ, ਮਕਤਬ ਵਲ ਜਾਇਆ ਕਰਦੇ ਨੇ।
ਜਦ ਚਰਬੀ ਚਲੇ ਸ਼ਹੀਦਾਂ ਦੀ, ਬਲ ਪਵੇ ਸ਼ਮ੍ਹਾ ਕੁਰਬਾਨੀ ਦੀ;
ਉਸ ਬਲਦੀ ਲਾਟ ਦੀ ਲੋਅ ਤੇ, ਜਿੰਦੜੀ ਘੋਲ ਘੁਮਾਇਆ ਕਰਦੇ ਨੇ।
ਕੋਈ ਅੰਗ ਅੰਗ ਕਟਵਾਂਦਾ ਏ ਕੁਈ ਚਰਖੀ ਉਤੇ ਚੜ੍ਹਦਾ ਏ,
ਹੱਸ ਹੱਸ ਕੇ ਸਿਰ ਦਾ ਖੋਪਰ, ਰੰਬੀਆਂ ਨਾਲ ਲੁਹਾਇਆ ਕਰਦੇ ਨੇ।
ਸੀਨੇ ਵਿਚ ਗੋਲੀਆਂ ਖਾਂਦੇ ਨੇ, ਇਹ ਪੰਥ ਹਿਤਾਂ ਦੇ ਸ਼ੈਦਾਈ;
ਜਦ ਜਦ ਵੀ ਭੀੜ ਬਣੇ ਇਹ, ਆਪਣਾ ਫ਼ਰਜ਼ ਨਿਭਾਇਆ ਕਰਦੇ ਨੇ।
ਡੁਲ੍ਹਦਾ ਏ ਖ਼ੂਨ ਸ਼ਹੀਦਾਂ ਦਾ, ਮਰਜੀਵੜੇ ਲੱਖਾਂ ਜੰਮਦੇ ਨੇ;
'ਮਿਤਰ' ਸੋ ਜ਼ੁਲਮ ਤਸ਼ੱਦਦ ਦਾ, ਤਖ਼ਤਾ ਉਲਟਾਇਆ ਕਰਦੇ ਨੇ।



www.AKJ.Org

# ਢਿੱਲੜ ਸਿੱਖ ਤੇ ਪੰਥਕ ਗਿਰਾਵਟ

[ਵਲੋਂ—ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ]

ਅਕਾਲੀ ਲਹਿਰ ਭਾਵੇਂ ਗੜਗੱਜ ਅਕਾਲੀ ਦੀਵਾਨ, ਤਰਨਤਾਰਨ ਤੇ ਸੈਂਟਰਲ ਮਾਝਾ ਖਾਲਸਾ ਦੀਵਾਨ, ਕੀਰਤਨ ਗੜ੍ਹ (ਅੰਮ੍ਰਿਤਸਰ) ਆਦਿ ਦੇ ਮੋਢੀ ਪੱਕੇ ਤੱਤ ਖਾਲਸਿਆਂ ਨੇ ਹੀ 'ਗੁਰਦੁਆਰਾ ਸੁਧਾਰ ਲਹਿਰ' ਦੇ ਨਾਂ ਹੇਠ ਚਲਾਈ ਸੀ ਤੇ ਇਸ ਲਹਿਰ ਦੇ ਮੋਢੀ ਸ਼੍ਰੋਮਣੀ ਅਕਾਲੀ ਦਲ ਦੇ ਫ਼ੈਸਲੇ ਹਮੇਸ਼ਾ ਸਰਬ-ਸੰਮਤੀ ਨਾਲ ਹੁੰਦੇ ਸਨ। ਸਾਰੀਆਂ ਹੀ ਸਿੱਖ ਬੀਬੀਆਂ ਦਸਤਾਰ ਦੀ ਧਾਰਨਾ ਤੇ ਗਹਿਣੇ-ਗੱਟਿਆਂ ਤੋਂ ਪ੍ਰਹੇਜ਼ ਕਰਨਾ ਸਿੱਖੀ ਜੀਵਨ ਦਾ ਇਕ ਅੰਗ ਸਮਝਦੀਆਂ ਸਨ, ਪਰ ਫੇਰ ਇਹ ਰਹਿਤ ਬਹਿਤ ਵੀ ਥੋੜੇ ਸਮੇਂ ਬਾਅਦ ਹੀ ਅਜਿਹੀ ਬਦਲੀ ਕਿ ਸਿਖ ਬੀਬੀਆਂ ਦੇ ਸਿਰੋਂ ਦਸ-ਤਾਰਾਂ ਲਹਿ ਗਈਆਂ ਤੇ ਉਨ੍ਹਾਂ ਦੇ ਨੱਕ ਕੰਨ ਗਹਿਣਿਆਂ ਗੱਟਿਆਂ ਦੇ ਬੋਝ ਨਾਲ ਕੁਝ ਹੋਰਵੇਂ ਹੀ ਬਦਲ ਗਏ। ਇਸ ਤਰ੍ਹਾਂ ਖ਼ਿਆਲੀ ਤਬਦੀਲੀ ਹੋਣ ਤੇ ਸਿੱਖ, ਹਿੰਦੂ, ਮੁਸਲਿਮ ਤੇ ਈਸਾਈ ਬੀਬੀਆਂ ਵਿਚ ਪਹਿਰਾਵੇ ਦਾ ਪਰਸਪਰ ਕੋਈ ਫ਼ਰਕ ਨਾ ਰਿਹਾ ਤੇ ਸਿਖ ਕਾਨੂੰਨ ਦੇ ਮੁਤਾਬਿਕ ਰਹਿਤ-ਬਹਿਤ ਤੋਂ ਹੀਣੇ ਸਿੱਖਾਂ ਨੂੰ ਕੁਦਰਤੀ ਤੌਰ ਤੇ ਤਨਖ਼ਾਹਾਂ ਲੱਗਣੀਆਂ ਬੰਦ ਹੋ ਗਈਆਂ। ਇਹ ਬੰਧੇਜ ਕਿਉਂ ਹਟੇ ਤੇ ਇਨ੍ਹਾਂ ਤੋਂ ਕੀ ਲਾਭ ਹੋਇਆ, ਇਸ ਬਾਰੇ ਭਾਵੇਂ ਕਈ ਆਜ਼ਾਦ ਖ਼ਿਆਲੀਏ ਸਿੱਖ ਖਾਲਸਾ ਪੰਥ ਦੀ ਤਰੱਕੀ ਹੋਈ ਹੀ ਮੰਨਦੇ ਹਨ, ਪਰ ਜੇ ਦੂਰ-ਅੰਦੇਸ਼ੀ ਨਾਲ ਸੋਚਿਆ ਜਾਵੇ ਤਾਂ ਮੈਂ ਇਸ ਤਬਦੀਲੀ ਨੂੰ ਇਕ ਪ੍ਰਕਾਰ ਦੀ ਪੰਥਕ ਗਿਰਾਵਟ ਹੀ ਸਮਝਦਾ ਹਾਂ।

ਇਹ ਇਕ ਮੰਨੀ-ਪ੍ਰਮੰਨੀ ਤਾਰੀਖ਼ੀ ਹਕੀਕਤ ਹੈ ਕਿ ਸਿੱਖ ਬੁੱਤ-ਪ੍ਰਸਤ ਨਹੀਂ ਹਨ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜ਼ਫ਼ਰਨਾਮੇ ਵਿਚ ਆਪਣੇ ਆਪ ਨੂੰ ਬੁੱਤ ਤੋੜਨ ਵਾਲਾ ਦਸ ਕੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਸ ਬੁੱਤ-ਪ੍ਰਸਤੀ ਦੀ ਨਿਖੇਧੀ ਕੀਤੀ ਹੈ ਅਤੇ ਤੇਤੀ ਸਵੱਯਾਂ ਵਚ "ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ" ਕਹਿ ਕੇ ਖਾਲਸੇ ਨੂੰ ਬੁੱਤ-ਪ੍ਰਸਤੀ ਦੇ ਇਸ ਦੁਰਾਚਾਰ ਤੋਂ ਪੱਕੇ ਤੌਰ ਤੇ ਤਾਕੀਦ ਕਰ ਕੇ ਰੋਕਿਆ ਹੈ। ਇਸੇ ਕਾਰਨ ਇਕ ਵੇਰ ਸਿਖਾਂ ਨੇ ਸ੍ਰੀ ਦਸਮੇਸ਼ ਜੀ ਨੂੰ ਜਦ ਦੱਖਣ ਨੂੰ ਜਾਂਦੇ ਹੋਏ ਰਾਜਸਥਾਨ ਵਿਚੋਂ ਦੀ ਲੰਘੇ ਸਨ ਤਾਂ ਦਾਦੂ ਦੀ ਸਮਾਧੀ ਨੂੰ ਤੀਰ ਨਾਲ ਮੱਥਾ ਟੇਕਿਆ ਮੰਨ ਗੁਰੂ ਜੀ ਨੂੰ ਤਨਖਾਹ ਲਾ ਦਿਤੀ ਸੀ। ਰਹਿਤ-ਬਹਿਤ ਦੀ ਇਹ ਕਰੜਾਈ ਤੇ ਗੁਰੂ ਜੀ ਦੀਆਂ ਇਹ ਹਦਾਇਤਾਂ ਸਿਰਫ਼ ਆਪਣੇ ਸਮੇਂ ਤਕ ਹੀ ਸੀਮਿਤ ਨਹੀਂ ਰਹੀਆਂ, ਸਗੋਂ ਉਨ੍ਹਾਂ ਤੋਂ ਪਿਛੋਂ ਵੀ ਸਿਖ ਰਾਜ ਦੇ ਸਮੇਂ ਤਕ, ਸਿਖ ਪੰਥਕ ਫ਼ੈਸਲੇ ਦੇ ਮੁਤਾਬਿਕ ਜਿਸ ਕਿਸੇ ਵੀ ਵਿਅਕਤੀ ਨੂੰ ਕਿਸੇ ਪੱਖੋਂ ਪੰਥਕ ਰਹਿਤ ਬਹਿਤ ਵਿਚ ਢਿੱਲਾ ਜਾਂ ਹੀਣਾ ਵੇਖਦੇ ਸਨ, ਉਸ ਨੂੰ ਤਨਖ਼ਾਹ ਲਾਉਣ ਤੋਂ ਰਤੀ ਭਰ ਸੰਕੋਚ ਨਹੀਂ ਸਨ ਕਰਦੇ। ਚੁਨਾਂਚਿ ਇਸੇ ਕਾਰਨ ਇਕ ਵੇਰ ਅਕਾਲੀ ਫੂਲਾ ਸਿੰਘ ਜੀ ਨੇ ਸਰਬੱਤ ਖਾਲਸੇ ਦੀ ਸੰਮਤੀ ਨਾਲ ਸ਼ੇਰਿਪੰਜਾਬ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਕਰਾਰ ਦੇ ਕੇ ਕੋਰੜੇ ਮਾਰਨ ਦਾ ਹੁਕਮ ਦੇ ਦਿੱਤਾ ਸੀ। ਜਦ ਮਹਾਰਾਜੇ ਨੇ ਇਸ ਹੁਕਮ ਦੇ ਸਾਮ੍ਹਣੇ ਸਿਰ ਝੁਕਾਇਆ ਤਾਂ ਉਸ ਨੂੰ ਬੜੀ ਮੁਸ਼ਕਲ ਨਾਲ ਮਾਫ਼ ਕੀਤਾ ਗਿਆ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਇਹ ਮਰਯਾਦਾ, ਜੋ ਹੁਣ ਵੀ ਉਸੇ ਤਰ੍ਹਾਂ ਪ੍ਰਚਲਿਤ ਹੈ, ਸਾਰੇ ਹੀ ਸ਼ਰਧਾਲੂ ਸਿੱਖ ਮੰਨਦੇ ਤੇ ਗੁਰੂ ਹੁਕਮ ਸਮਝ ਕੇ ਸ੍ਰੀ ਅਕਾਲ ਤਖਤ ਦੇ ਹੁਕਮ-ਨਾਮੇ ਦੇ ਸਾਮ੍ਹਣੇ ਬੜੇ ਸ਼ਰਧਾ ਭਾਵ ਨਾਲ ਆਪਣੇ ਸਿਰ



www.AKJ.Org

ਝੁਕਾਉਂਦੇ ਹਨ, ਜਿਵੇਂ ਕਿ ਅਜੇ ਹੁਣੇ ਹੁਣੇ ਨਕਲੀ ਨਿਰੰਕਾਰੀਆਂ ਬਾਰੇ ਜਾਰੀ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਤੋਂ ਸਾਫ਼ ਪ੍ਰਗਟ ਹੈ ਤੇ ਇਹ ਵੀ ਪਤਾ ਲਗਦਾ ਹੈ ਕਿ ਸਾਰੇ ਹੀ ਸਿਖ ਉਸ ਹੁਕਮਨਾਮੇ ਦੇ ਸਾਮ੍ਹਣੇ ਕਿਵੇਂ ਸਿਰ ਝੁਕਾਉਂਦੇ ਤੇ ਉਸ ਨੂੰ ਅਮਲੀ ਵਰਤੋਂ ਵਿਚ ਲਿਆਉਂਦੇ ਹਨ।

ਸਿਖ ਰਹਿਤ ਮਰਯਾਦਾ ਸੰਬੰਧੀ ਇਸ ਕਰੜਾਈ ਦੇ ਬਾਵਜੂਦ ਸੰਨ ੧੯੨੬ ਤੋਂ ਪਿਛੋਂ, ਜਦੋਂ ਕਿ ਸਿਖਾਂ ਨੇ ਭਾਵੇਂ ਰਾਜਨੀਤਿਕ ਜੀਵਨ ਵਿਚ ਕਦਮ ਰਖਿਆ ਹੈ ਤਾਂ ਬਹੁਤੇ ਨਾਮ-ਧਰੀਕ ਸਰਮਾਏਦਾਰ ਸਿਖ ਸਿਰਫ਼ ਪੰਥਕ ਅਗਵਾਈ ਦੇ ਲਾਲਚ ਵਿਚ ਆ ਕੇ ਰੁਪਏ ਪੈਸੇ ਦੇ ਜ਼ੋਰ ਨਾਲ ਚੋਣਾਂ ਸਮੇਂ ਕਿਸੇ ਉੱਚ ਪਦਵੀ ਉਤੇ ਪਹੁੰਚ ਜਾਣ ਤਾਂ ਪਰਿਵਾਰ ਸਮੇਤ ਦੇਵੀ-ਦੇਵਤਿਆਂ ਅੱਗੇ ਨੱਕ ਰਗੜ ਕੇ ਨਾ ਕੇਵਲ ਸਿੱਖੀ, ਸਗੋਂ ਸਮੁੱਚੇ ਸਿੱਖ ਪੰਥ ਨੂੰ ਬਦਨਾਮ ਕਰਨੋਂ ਰਤੀ ਭਰ ਵੀ ਸੰਕੋਚ ਨਹੀਂ ਕਰਦੇ। ਤੇ ਉਨ੍ਹਾਂ ਦਾ ਅਸਰ ਰਸੂਖ ਵਧਿਆ ਹੋਣ ਦੇ ਕਾਰਨ ਕੋਈ ਵੀ ਪੰਥਕ ਜਥੇਬੰਦੀ ਉਨ੍ਹਾਂ ਬਾਰੇ ਉਨ੍ਹਾਂ ਦੀ ਇਸ ਢਿੱਲੜ-ਪੁਣੇ ਨੂੰ ਚੈਲੰਜ ਕਰ ਕੇ ਉਕਾ ਹੀ ਨੋਟਿਸ ਨਹੀਂ ਲੈ ਸਕਦੀ। ਇਸ ਲਈ ਮਜਬੂਰੀ ਕਹਿਣਾ ਪੈਂਦਾ ਹੈ ਕਿ ਜਦ ਸਿੰਘਾਂ ਵਲੋਂ ਚੋਣਾਂ ਲੜਨ ਸਮੇਂ ਉਮੀਦਵਾਰਾਂ ਨੂੰ ਟਿਕਟ ਦਿੱਤੇ ਜਾਂਦੇ ਹਨ ਤਾਂ ਕਿਸੇ ਮੋਰਚੇ ਸਮੇਂ ਉਨ੍ਹਾਂ ਦੇ ਕੈਦ ਕੱਟਣ ਦੀ ਸ਼ਰਤ ਈ ਕਾਫੀ ਨਹੀਂ ਸਮਝੀ ਜਾਣੀ ਚਾਹੀਦੀ ਸਗੋਂ ਉਨ੍ਹਾਂ ਤੋਂ ਉਨ੍ਹਾਂ ਦੇ ਬਾਕਾਇਦਾ ਅੰਮ੍ਰਿਤ-ਧਾਰੀ ਹੋਣ, ਸਿਖੀ ਰਹਿਤ ਮਰਯਾਦਾ ਵਿਚ ਪਰਿਵਾਰ ਸਮੇਤ ਪੱਕੇ ਹੋਣ ਦਾ ਤੇ ਹੋਰ ਕਿਸੇ ਦੇਵੀ-ਦੇਵਤਾ ਜਾਂ ਪੀਰ ਫਕੀਰ ਨੂੰ ਨਾ ਮੰਨਣ ਦਾ ਸਰਟੀਫ਼ਿਕੇਟ ਵੀ ਲੈਣਾ ਜ਼ਰੂਰੀ ਸਮਝਿਆ ਜਾਣਾ ਚਾਹੀਦਾ ਹੈ, ਨਹੀਂ ਤਾਂ ਅਜਿਹੇ ਢਿੱਲੜ ਸਿਖਾਂ ਨੂੰ ਕਿਸੇ ਵੀ ਸੀਟ ਤੇ ਕਾਮਯਾਬ ਕਰ ਕੇ 'ਪੰਥ ਵਧੇ ਪਰ ਧਰਮ ਨਹਿ' ਵਾਲੀ ਗੱਲ ਹੀ ਹੋਵੇਗੀ, ਜਿਸ ਦਾ ਕਲੰਕ ਸਾਰੀ ਸਿਖ ਕੌਮ ਦੇ ਮੱਥੇ ਉਤੇ ਲਾਜ਼ਮੀ ਤੌਰ ਤੇ ਲਗਦਾ ਤੇ ਉਸ ਗਲਤੀ ਦਾ ਖ਼ਮਿਆਜ਼ਾ ਸਾਰੀ ਸਿਖ ਕੌਮ ਨੂੰ ਸਮੁੱਚੇ ਤੌਰ ਤੇ ਭੁਗਤਣਾ ਪੈਂਦਾ ਹੈ। ਇਸ ਲਈ ਸਿੱਖ ਆਗੂ ਜੇ ਇਸ ਬਾਰੇ ਹੁਣ ਤੋਂ ਹੀ ਇਹਤਿਆਤ ਰਖਣ ਤਾਂ ਸਿਖ ਧਰਮ ਦੀ ਚਿੱਟੀ ਚਾਦਰ ਉਤੇ ਇਹ ਬਦ-ਨੁਮਾ ਧੱਬਾ ਲਗਣ ਤੋਂ ਬਚਾਉ ਹੋ ਸਕਦਾ ਹੈ। ਗੁਰਸਿੱਖਾਂ ਨੂੰ ਸ੍ਰੀ ਦਸਮੇਸ਼ ਤੇ ਉਨ੍ਹਾਂ ਦੇ ਪੰਜਾਂ ਪਿਆਰਿਆਂ ਦੀ ਪੈਰਵੀ ਕਰਨਾ, ਤੇ ਧਰਮ ਵੀਰ ਜੋਧੇ ਅਕਾਲੀ ਫੂਲਾ ਸਿੰਘ ਵਾਂਗ ਪੱਕੇ ਗੁਰਸਿਖ ਬਣਨਾ ਜ਼ਰੂਰੀ ਹੈ, ਤਦੋਂ ਹੀ ਉਹ ਗੁਰਮਤਿ ਦੇ ਸੁਨਹਿਰੀ ਅਸੂਲਾਂ ਉਤੇ ਮਨ ਵਚਨ ਕਰਮ ਤੋਂ ਕਾਰ-ਬੰਦ ਹੋ ਕੇ ਚੱਲ ਸਕਦੇ ਤੇ ਸਤਿਗੁਰਾਂ ਦੀਆਂ ਸਦੀਵੀ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਨ।

---

## ਅਖੰਡ ਕੀਰਤਨ ਜੱਥੇ ਦੇ ਮੈਂਬਰਾਂ ਪਾਸ ਜੋਦੜੀ

ਲੁਧਿਆਣਾ, ਰੋਪੜ (ਰੂਪ ਨਗਰ) ਅਤੇ ਸੰਗਰੂਰ ਵਲੋਂ ਸਮੁਚੀ ਸੰਗਤ ਜੀ ਦੀ ਸਰਬ-ਸੰਮਤੀ ਨਾਲ ਚੁਣੇ ਹੋਏ ਪ੍ਰਤੀਨਿਧਾਂ ਦੇ ਨਾਂ ਅਜੇ ਤਕ 'ਸੂਰਾ' ਦਫ਼ਤਰ ਅੰਮ੍ਰਿਤਸਰ ਵਿਚ ਨਹੀਂ ਪੁਜੇ। ਕਿਰਪਾ ਪੂਰਬਕ ਇਹ ਨਾਂ (ਡਾਕ ਪਤੇ ਸਮੇਤ) ਛੇਤੀ ਭੇਜਣ ਦੀ ਖੇਚਲ ਕੀਤੀ ਜਾਵੇ।

(੨) ਜਿਹੜੇ ਅਸਥਾਨ, ਇਲਾਕੇ ਜਾਂ ਸ਼ਹਿਰ ਅਜੇ ਤਕ, ਫ਼ਾਸਲੇ ਦੀ ਦੂਰੀ ਦੇ ਕਾਰਨ ਜਾਂ ਉਥੇ ਸਿੰਘਾਂ ਦੀ ਘਟ-ਗਿਣਤੀ ਦੇ ਕਾਰਨ, ਕਿਸੇ ਪ੍ਰਤੀਨਿਧ ਦੇ ਨਾਲ ਸੰਮਿਲਤ ਨਹੀਂ ਹੋ ਸਕੇ, ਜਾਂ ਨਹੀਂ ਆ ਸਕਦੇ, ਉਨ੍ਹਾਂ ਅਸਥਾਨਾਂ ਦੀ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਸਰਬ-ਸੰਮਤੀ ਨਾਲ ਆਪਣੇ ਆਪਣੇ ਮੁਖੀ ਸਿੰਘਾਂ ਦੇ ਨਾਂ (ਡਾਕ ਪਤੇ ਸਮੇਤ) 'ਸੂਰਾ' ਦਫ਼ਤਰ ਅੰਮ੍ਰਿਤਸਰ ਨੂੰ ਭੇਜਣ ਦੀ ਕਿਰਪਾ ਕਰਨ। ਇਨ੍ਹਾਂ ਮੁਖੀ ਸਿੰਘਾਂ ਦਾ ਸਬੰਧ ਸਿੱਧਾ ਕੇਂਦਰੀ ਦਫਤਰ ਨਾਲ ਰਖਿਆ ਜਾਏਗਾ ਅਤੇ ਇਨ੍ਹਾਂ ਨੂੰ ਲੜੀਂਦੀ ਇਤਲਾਹ ਦਫਤਰੋਂ ਸਿਧੀ ਪਹੁੰਚ ਜਾਇਆ ਕਰੇਗੀ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ



www.AKJ.Org

# ਸਿੰਘਣੀਆਂ ਲਈ ਅੰਮ੍ਰਿਤ ਦਾ ਅਧਿਕਾਰ

[ਵਲੋਂ—ਬੀਬੀ ਹਰਸ਼ਰਨ ਕੌਰ ਜੀ, ਮਿਠਾਪੁਰ, ਜਲੰਧਰ]

ਅਕਾਲ ਪੁਰਖ ਨੇ ਜਦੋਂ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਤਾਂ ਜਿਤਨੀ ਭੀ ਉਤਪਤੀ ਹੋਈ, ਸਭ ਦਾ ਜੋੜਾ ਜੋੜਾ ਬਣਾਇਆ, ਐਥੋਂ ਤਕ ਕਿ ਹੁਣ ਸਾਇੰਸ ਨੇ ਸਿੱਧ ਕਰ ਦਿਤਾ ਹੈ ਕਿ ਫੱਲਾਂ, ਫੁੱਲਾਂ, ਬੂਟਿਆਂ ਅੰਦਰ ਭੀ ਨਰ-ਮਦੀਨ ਅੰਸ਼ ਹੈ ਤਾਂ ਉਹ ਫਲਦੇ ਫੁਲਦੇ ਹਨ। ਖਣਿੱਜ ਪਦਾਰਥ (ਜੋ ਮਿੱਟੀ ਤੋਂ ਬਣਦੇ ਹਨ, ਧਾਤਾਂ ਵਗੈਰਾ) ਉਹਨਾਂ ਨੂੰ ਭੀ ਜਦ ਟੈਸਟ ਕਰ ਕੇ ਦੇਖੀਦਾ ਹੈ ਤਾਂ ਕਈ ਕਈ ਤੱਤਾਂ ਦੀ ਮਿਲਾਵਟ ਨਾਲ ਬਣਦੇ ਦੇਖੇ ਜਾਂਦੇ ਹਨ। ਕੋਈ ਉਪਜ ਦੁਨੀਆ ਦੀ ਇਕੱਲੇ ਮਾਦੇ ਨਾਲ ਨਹੀਂ ਬਣੀ।

ਸਾਰੀ ਸ੍ਰਿਸ਼ਟੀ ਵਿਚ ਰਚਣਹਾਰ ਦੀ ਸਭ ਤੋਂ ਉਤਮ ਰਚਨਾ ਇਨਸਾਨ ਹੈ, ਜਿਸ ਨੂੰ ਅਕਾਲ ਪੁਰਖ ਨੇ ਸਭ ਤੋਂ ਸ੍ਰੇਸ਼ਟ ਤੇ ਉੱਤਮ ਵਸਤੂ ਬਖਸ਼ ਕੇ ਸਿਰਮੌਰ ਬਣਾ ਦਿਤਾ। ਉਹ ਹੈ ਚੇਤੰਨਤਾ। ਆਪੇ ਦੀ ਪਛਾਣ ਕਰਨ ਦੀ ਕੁੰਜੀ ਵਾਹਿਗੁਰੂ ਨੇ ਮਨੁਖ ਨੂੰ ਬਖ਼ਸ਼ੀ ਹੈ, ਜਿਸ ਨੂੰ ਵਰਤ ਕੇ ਉਹ ਗੁਰੂ-ਕਿਰਪਾ ਨਾਲ ਉਹ ਬਖਸ਼-ਦਰ ਖੋਲ੍ਹ ਸਕਦਾ ਹੈ, ਜਿਸ ਅੰਦਰ ਪ੍ਰਵੇਸ਼ ਕਰ ਕੇ ਉਸ ਦਾ ਆਉਣ ਜਾਣ ਦਾ ਗੇੜ ਮੁਕ ਜਾਏ ਤੇ ਉਹ ਆਪਣੇ ਰਚਣ-ਹਾਰ ਨਾਲ ਅਭੇਦ ਹੋ ਜਾਏ।

ਇਸ ਉੱਤਮ ਰਚਨਾ ਦੇ ਭੀ ਦੋ ਹਮ-ਰਾਹੀ ਬਣਾਏ ਹਨ, ਇਸਤ੍ਰੀ ਤੇ ਮਰਦ, ਜੋ ਇਕ ਦੂਜੇ ਤੋਂ ਬਗੈਰ ਅਧੂਰੇ ਹਨ ਅਤੇ ਉਤਪਤੀ ਦੀ ਕਾਰ ਭੀ ਇਨ੍ਹਾਂ ਦੋਹਾਂ ਕਰਕੇ ਹੀ ਚਲ ਸਕਦੀ ਹੈ।

ਹੁਣ ਵਿਚਾਰ ਯੋਗ ਗੱਲ ਇਹ ਹੈ ਕਿ ਜਦ ਇਸਤ੍ਰੀ-ਮਰਦ ਇਕ ਦੂਜੇ ਬਗੈਰ ਸੰਪੂਰਨ ਹੀ ਨਹੀਂ ਤਾਂ ਫਿਰ ਸਿੱਟਾ ਇਹ ਹੋਇਆ ਕਿ ਦੋਵੇਂ ਇਕੋ ਜਿਹੀ ਕਦਰ ਕੀਮਤ ਰਖਦੇ ਹਨ। ਇਕੋ ਤਰ੍ਹਾਂ ਦੀ ਚੇਤੰਨਤਾ, ਇਕੋ ਤਰ੍ਹਾਂ ਦੇ ਜਜ਼ਬੇ, ਮਹਿਸੂਸ ਕਰਨ ਦੀ ਤਾਕਤ, ਦੁਖ-ਸੁਖ ਦੀ ਅਨੁਭਵਤਾ ਆਦਿ ਦੋਹਾਂ ਨੂੰ ਬਖਸ਼ਿਸ਼ ਕੀਤੇ ਗਏ ਹਨ। ਦੋਹਾਂ ਨੂੰ ਹੀ ਇਹ ਸੋਝੀ ਬਖਸ਼ੀ ਗਈ ਹੈ ਕਿ ਅਸੀਂ ਅਕਾਲ ਪੁਰਖ ਦੇ ਭੇਜੇ ਆਏ ਹਾਂ, ਕਈ ਜਨਮ ਭਉਂ ਕੇ ਚੁਰਾਸੀ ਦਾ ਗੇੜ ਕੱਟ ਕੇ ਮਾਣਸ-ਦੇਹ ਪਾਈ ਹੈ, ਅਤੇ ਇਹੀ ਗੋਬਿੰਦ ਮਿਲਣ ਕੀ ਬਰੀਆ ਹੈ। ਅਸੀਂ ਜੇ ਇਸ ਨੂੰ ਸੰਭਾਲ ਲਿਆ ਤਾਂ ਆਪਣੇ ਰਚਣਹਾਰ ਵਿਚ ਸਮਾ ਕੇ ਮੁਕਤ ਹੋ ਸਕਦੇ ਹਾਂ, ਪਰ ਜੇ ਹੁਣ ਮੌਕਾ ਖੁੰਝ ਗਿਆ ਤਾਂ ਮੁੜ ਚੁਰਾਸੀ ਵਿਚੋਂ ਪਤਾ ਨਹੀਂ ਕਦ ਵਾਰੀ ਆਵੇ। ਇਸ ਦਾ ਮਤਲਬ ਇਹ ਕਿ ਦੋਹਾਂ ਇਸਤ੍ਰੀ-ਮਰਦ ਨੂੰ ਆਪਣੇ ਦੁੱਖ ਦੀ ਭੀ ਸੋਝੀ ਹੈ ਅਤੇ ਦਾਰੂ ਦੀ ਲੋੜ ਦਾ ਭੀ ਅਹਿਸਾਸ ਹੈ।

ਹੁਣ ਅਸੀਂ ਸੋਚੀਏ ਕਿ ਇਸ ਦੁਖ ਦਾ (ਜੋ ਕਿ ਜਨਮ-ਮਰਨ ਦੇ ਗੇੜ ਦਾ ਸਾਨੂੰ ਚੰਮੜਿਆ ਹੋਇਆ ਹੈ) ਦਾਰੂ ਹੈ ਕੀ? ਸਤਿਗੁਰੂ ਫ਼ੁਰਮਾਉਂਦੇ ਹਨ :—

ਸੰਸਾਰੁ ਰੋਗੀ ਨਾਮੁ ਦਾਰੂ ॥

[ਧਨਾਸਰੀ ਮ: ੧ ਛੰਤ, ਪੰਨਾ ੬੮੭

ਫਿਰ ਇਹ ਦਾਰੂ ਮਿਲੇ ਕਿੱਥੋਂ? ਉਸ ਦਾ ਪਤਾ ਭੀ ਗੁਰਬਾਣੀ ਅੰਦਰੋਂ ਮਿਲਦਾ ਹੈ—

ਸਤਿਗੁਰੁ ਦਾਤਾ ਹਰਿ ਨਾਮ ਕਾ

ਪ੍ਰਭੁ ਆਪਿ ਮਿਲਾਵੈ ਸੋਇ॥੨॥(੪॥੧॥੬੫)

[ਸਿਰੀਰਾਗੁ ਮ:੪,ਪੰਨਾ ੩੯

ਹਾਂ ਜੀ, ਇਸ ਨਾਮ ਦੇ ਭੰਡਾਰ ਸੱਚੇ ਪਾਤਸ਼ਾਹ ਗੁਰੂ ਨਾਨਕ ਦੇ ਘਰ ਅਕਾਲ ਪੁਰਖ ਵਲੋਂ ਖੁਲ੍ਹੇ ਵਰਤਾਉਣ ਵਾਸਤੇ ਬਖਸ਼ੇ ਹੋਏ ਹਨ, ਅਤੇ ਗੁਰੂ ਕਿਰਪਾ ਦਵਾਰਾ ਅਭਿਲਾਖੀ ਜਨ ਸਦਾ ਸਦਾ ਤੋਂ ਇਹ ਨਾਮ-ਗੱਫੇ ਛਕ ਛਕ ਕੇ ਤ੍ਰਿਪਤ ਹੋ ਹੋ ਮੁਕਤ ਹੁੰਦੇ ਆਏ ਹਨ, ਹੁਣ ਹੋ ਰਹੇ ਹਨ ਅਤੇ ਸਦਾ ਤ੍ਰਿਪਤ



www.AKJ.Org

ਹੁੰਦੇ ਰਹਿਣਗੇ।

ਹੁਣ ਦੇਖਣਾ ਹੈ, ਉਹ ਗੁਰੂ ਕਿਰਪਾ ਹੋਵੇ ਕਿਵੇਂ ਅਤੇ ਕਦੋਂ, ਜਿਸ ਕਰਕੇ ਉਹ ਨਾਮ ਮਿਲੇ ਜੋ ਜਨਮ-ਮਰਨ ਦਾ ਗੇੜ ਕੱਟਣ ਦੇ ਸਮਰੱਥ ਹੈ। ਉਹ ਕਿਰਪਾ ਜਗਿਆਸੂ ਤੇ ਉਦੋਂ ਹੁੰਦੀ ਹੈ ਜਦੋਂ ਉਹ ਗੁਰੂ ਦਰ ਜਾ ਕੇ ਦਰ ਢੱਠ ਕੇ, ਨਾਮ-ਅੰਮ੍ਰਿਤ ਦੀ ਸੁਆਂਤੀ ਬੂੰਦ ਦੀ ਗੁਰੂ ਤੋਂ ਜਾਚਨਾ ਕਰਦਾ ਹੈ। ਬੇਨਤੀ ਕਰਦਾ ਹੈ ਕਿ ਸੱਚੇ-ਪਾਤਸ਼ਾਹ—

ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ
ਦੇਹੁ ਦਰਸੁ ਹਰਿ ਰਾਇਆ ॥੧॥
[ਗਉੜੀ ਮ: ੫, ਪੰਨਾ ੨੦੭

ਸਤਿਗੁਰੂ ਕਿਰਪਾਲੂ ਹਨ, ਉਹ ਸਦਾ ਸਦਾ ਜਾਚਕ ਜਨਾਂ ਦੀਆਂ ਝੋਲੀਆਂ ਭਰਦੇ ਹਨ ਅਤੇ ਨਾਮ ਬਖਸ਼ਿਸ਼ ਕਰ ਕੇ ਜੀਵਾਂ ਦਾ ਉਧਾਰ ਕਰਦੇ ਹਨ। ਨੌਂ ਪਾਤਸ਼ਾਹੀ ਜਾਮਿਆਂ ਤੱਕ ਇਹ ਚਰਨ-ਪਾਹੁਲ ਦੇ ਕੇ, ਜਾਚਕ ਸਿਰ ਹੱਥ ਧਰ, ਨਾਮ ਦ੍ਰਿੜ੍ਹਾ ਕੇ ਨਦਰੀ ਨਦਰ ਨਿਹਾਲ ਕਰਦੇ ਰਹੇ। ਦਸਵੇਂ ਜਾਮੇ ਵਿਚ ਚਰਨ ਪਾਹੁਲ ਨੂੰ ਖੰਡੇ ਕੀ ਪਾਹੁਲ ਵਿਚ ਬਦਲ ਦਿਤਾ ਗਿਆ। ਅੱਜ ਜੁਗੋ ਜੁਗ ਅਟੱਲ ਸਤਿਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥਿ ਸਾਹਿਬ ਜੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਪ੍ਰਥਾ ਅਨੁਸਾਰ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਬਾਟਾ ਤਿਆਰ ਕਰਾ ਕੇ, ਛਕਾ ਕੇ ਨਾਮ ਦ੍ਰਿੜ੍ਹ ਕਰਾ ਕੇ ਤਾਰ ਰਹੇ ਹਨ।

ਐਸੀ ਅਦਭੁਤ ਦਾਤਿ, ਨਾਮ ਰੂਪੀ ਅੰਮ੍ਰਿਤ ਲੈਣ ਵੇਲੇ, ਜਿਸ ਤੋਂ ਉਪਰ ਹੋਰ ਕੋਈ ਲੱਭਤ ਇਸ ਜੱਗ ਅੰਦਰ ਹੈ ਹੀ ਨਹੀਂ, ਭਲਾ ਦਸੋ ਕੀ ਆਪਣੀ ਅਰਧ-ਸਰੀਰੀ ਨੂੰ ਪਿੱਛੇ ਛੱਡ ਕੇ, ਮਰਦ ਇਕੱਲਾ ਹੀ ਜਾ ਖੜੇ ? ਜਿਸ ਇਸਤ੍ਰੀ ਨੇ ਹਮ-ਖ਼ਿਆਲ, ਹਮ-ਰਾਜ਼, ਦੁਖ-ਦੁਖ ਦੀ ਸਾਥੀ ਹੋ ਕੇ ਨਿਭਣਾ ਹੈ, ਉਹ ਐਸੇ ਅਹਿਮੀਅਤ ਦੇ ਮੌਕੇ ਕਿਵੇਂ ਅਲੱਗ ਕਰ ਕੇ ਨਿਖੇੜੀ ਜਾ ਸਕਦੀ ਹੈ ? ਜੇ ਇਸ ਤਰ੍ਹਾਂ ਕਰ ਦਿਤਾ ਜਾਵੇ ਤਾਂ ਪੁਰਸ਼ ਗੁਰੂ ਵਾਲਾ ਬਣ ਗਿਆ ਜਿਵੇਂ ਕਿ ਅੰਮ੍ਰਿਤ ਛਕਣ ਤੋਂ ਭਾਵ ਹੈ ਗੁਰੂ ਧਾਰਨ ਕਰਨਾ ਤੇ ਗੁਰੂ ਤੋਂ ਨਾਮ ਦੀ ਦਾਤਿ ਲੈਣੀ, ਅਤੇ ਇਸਤ੍ਰੀ ਨਿਗੁਰੀ ਤੇ ਨਾਮ-ਹੀਣ ਹੀ ਰਹਿ ਗਈ। ਜਿਸ ਦੀ ਬਾਬਤ ਬਾਣੀ ਅੰਦਰ ਸੰਕੇਤ ਹੈ "ਨਿਗੁਰੇ ਕਾ ਹੈ ਨਾਉ ਬੁਰਾ।" (੪੩੫) ਫਿਰ ਹੁਣ ਦਸੋ ਕਿ ਪੁਰਸ਼ ਤਾਂ ਗੁਰੂ ਵਾਲਾ ਤੇ ਨਾਮੀ ਬਣ ਗਿਆ ਤੇ ਉਸ ਦੀ ਆਤਮਕ-ਮੰਡਲਾਂ ਦੀ ਉਡਾਰੀ ਕਿਤੇ ਦੀ ਕਿਤੇ ਜਾ ਪਹੁੰਚੀ, ਪੰਜਾਂ ਚੋਰਾਂ ਦੀ ਪਕੜ ਭੀ ਢਿਲੀ ਹੁੰਦੀ ਹੁੰਦੀ ਆਖ਼ਰ ਰਹਿ ਖੜੋਤੀ, ਅਤੇ ਬੀਬੀ ਨੂੰ ਨਾ ਨਾਮ ਦੀ ਸੋਝੀ, ਨਾ ਗੁਰੂ ਆਸਰਾ। ਗ੍ਰਹਿਸਤ ਦੇ ਹਰਖ-ਸੋਗ ਵਿਚ ਖਚਤ, ਕਾਮ-ਕ੍ਰੋਧ, ਲੋਭ, ਮੋਹ, ਹੰਕਾਰ ਦਾ ਸੰਤਾਪ "ਵਿਣੁ ਨਾਵੈ ਸਭੁ ਜਗੁ ਬਉਰਾਇਆ ਨਾਮੁ ਮਿਲੈ ਸੁਖੁ ਪਾਈਐ"* ਅਨੁਸਾਰ ਨਾਮ-ਸੁਖ ਦੀ ਉਸ ਨੂੰ ਸਾਰ ਕੋਈ ਨਹੀਂ, ਤਾਂ ਫਿਰ ਉਸ ਸੰਸਾਰਕ ਕਲਾ-ਕਲੇਸ਼ ਵਿਚ ਖੱਚਤ ਰੂਹ ਵਾਲੀ ਬੀਬੀ ਦਾ ਅੰਮ੍ਰਿਤ ਵੇਲੇ ਉਠ ਕੇ ਅਭਿਆਸ ਵਿਚ ਜੁੜਨ ਵਾਲੇ ਨਿਤਨੇਮੀ, ਰਹਿਤ-ਵਾਨ ਅਤੇ ਸਤਿਸੰਗੀ ਪੁਰਸ਼ ਨਾਲ ਕੀ ਆਤਮਕ ਸਾਂਝ ਰਹਿ ਗਈ ?

ਉਨ੍ਹਾਂ ਦੀ ਤਾਂ ਦਿਮਾਗੀ ਪੱਧਰ ਹੀ ਇਕ ਨਾ ਰਹੀ, ਖ਼ਿਆਲ ਇਕ ਨਾ ਰਹੇ। ਮਰਦ ਫਿਰ ਸਤਿ-ਸੰਗ ਦੀ ਲੋਚਾ ਵਾਲਾ ਹੋਏਗਾ ਤੇ ਇਸਤ੍ਰੀ ਸਿਨਮਿਆਂ ਗਾਣਿਆਂ ਦੀ ਗਾਹਕ। ਜਿਥੇ ਆਦਮੀ ਰਹਿਤਵਾਨ ਪੰਜ ਕਕਾਰਾਂ ਦਾ ਧਾਰਨੀ, ਉਥੇ ਸਿਖ ਬੀਬੀ ਪ੍ਰਚੱਲਤ ਫ਼ੈਸ਼ਨ ਦੀ ਲੋਚਾ ਪੂਰੀ ਕਰਨ ਵਾਲੀ, ਜਿਸ ਨੂੰ ਰਹਿਤ-ਬਹਿਤ ਦੀ ਸਾਰ ਕੋਈ ਨਹੀਂ। ਫਿਰ ਦਸੋ, ਜੋ ਘਰ ਅੰਦਰ ਔਲਾਦ ਹੋਏਗੀ ਉਹ ਕਿਸ ਦੇ ਖਿਆਲਾਂ ਮਗਰ ਲੱਗੇ, ਪਿਤਾ ਨਾਲ ਸਤਿਸੰਗ ਵਿਚ ਜਾਏ, ਜਾਂ ਮਾਤਾ ਨਾਲ ਸਿਨਮੇ ਜਾਏ ? ਅਤੇ ਜੇ ਕਹੀਏ ਕਿ ਪੁੱਤਰ ਪਿਤਾ ਦੀ ਸਿਖਿਆ ਲੈਣ ਤੇ ਧੀਆਂ ਮਾਂ ਦੀ, ਤਾਂ ਫਿਰ ਪੁਸ਼ਤ-ਦਰ-ਪੁਸ਼ਤ ਦਾ ਰਹਿਣ ਸਹਿਣ, ਖਾਣ-ਪੀਣ ਦਾ ਐਸਾ ਪਾੜਾ ਪਏਗਾ ਜੋ ਘਰੇਲੂ ਜੀਵਨ

* ਆਸਾ ਮ: ੫, ॥੨॥(੪॥੭॥੪੬) ਪੰਨਾ ੩੯੨



www.AKJ.Org

ਦਾ ਉੱਕਾ ਸਤਿਆਨਾਸ ਹੀ ਕਰ ਦਏਗਾ। ਨਾ ਖਿਆਲਾਂ ਦੀ ਸਾਂਝ, ਨਾ ਖਾਣ ਪੀਣ ਦੀ ਸਾਂਝ, (ਕਿਉਂਕਿ ਅੰਮ੍ਰਿਤਧਾਰੀ ਨੇ ਤਾਂ ਬੇਅੰਮ੍ਰਿਤੀਏ ਦੀ ਜੂਠ ਖਾਣੀ ਨਹੀਂ) ਨਾ ਹੀ ਪਹਿਰਨ ਇਕੋ ਜਿਹਾ, ਫਿਰ ਇਕ ਜਣੇ ਨੇ ਨਾਮ-ਅੰਮ੍ਰਿਤ ਕੀ ਛਕਿਆ, ਸਗੋਂ ਘਰ ਦੁਫਾੜ ਹੋ ਗਿਆ।

ਜੇ ਗੁਰੂ ਕਿਰਪਾ ਸਦਕਾ ਦੋਵੇਂ ਅੰਮ੍ਰਿਤ-ਧਾਰੀ ਸਿੰਘ-ਸਿੰਘਣੀ ਹੋਣਗੇ ਤਾਂ ਅੰਮ੍ਰਿਤ ਵੇਲੇ ਤੋਂ ਹੀ ਸਾਂਝ ਸ਼ੁਰੂ ਹੋ ਗਈ। ਨਾਮ ਇਕੱਠੇ ਜਪਿਆ, ਗੁਰਦੁਆਰੇ ਇਕੱਠੇ ਗਏ, ਸਤਿਸੰਗਤ ਮਿਲ ਕੇ ਕੀਤੀ। ਗੁਰ ਉਪਦੇਸ਼ ਇਕੋ ਮਿਲਿਆ ਤਾਂ ਜੀਵਨ-ਪੰਧ ਦੀ ਸਾਂਝ ਪੈ ਗਈ। ਦਿਨੇ ਸਿੰਘਣੀ ਨੇ ਘਰ ਦੀ ਕਾਰ ਸੰਭਾਲੀ, ਸਿੰਘ ਬਾਹਰੋਂ ਕਿਰਤ ਕਰ ਕੇ ਆਇਆ, ਬੱਚੇ ਨਾਲ ਬਿਠਾਏ, ਸੋਦਰ ਰਹਿਰਾਸ ਕੀਤੀ, ਕਿਤੇ ਸਤਿਸੰਗਤ ਮਾਣੀ। ਮਤਲਬ ਦਿਨ-ਰਾਤ ਦੀ ਸਾਂਝ ਰਹੀ ਤਾਂ ਜੀਵਨ ਦੀ ਸਾਂਝ ਹੋ ਗਈ। ਇਹ ਨਹੀਂ ਹੋਏਗਾ ਕਿ ਸਿੰਘ ਨੇ ਦਸਵੰਧ ਕਢ ਕੇ ਧਰਮ-ਅਰਥ ਲੱਗਾ ਦਿਤਾ ਤਾਂ ਬੀਬੀ, ਜਿਸ ਨੂੰ ਇਸ ਦੇ ਗੁਣ ਦੀ ਸਾਰ ਨਹੀਂ, ਉਹ ਕਲਪਦੀ ਰਹੇ ਕਿ ਇਹ ਤਾਂ ਪੈਸੇ ਹੀ ਐਵੇਂ ਗੁਆਈ ਜਾਂਦਾ ਹੈ, ਮੈਂ ਫ਼ਲਾਣੇ ਰਿਸ਼ਤੇਦਾਰ ਦੇ ਵਿਆਹ ਤੇ ਕੀ ਦਿਆਂ? ਮੈਂ ਲੜਕੀ ਨੂੰ ਰੱਖੜੀ, ਕਰਵਾ ਚੌਥ ਕਿਥੋਂ ਭੇਜਾਂ, ਇਸ ਨੂੰ ਘਰ ਦੀ ਪ੍ਰਵਾਹ ਨਹੀਂ। ਇਹੋ ਜਿਹੇ ਪੁਆੜੇ ਨਹੀਂ ਹੁੰਦੇ, ਜੇ ਦੋਵੇਂ ਗੁਰੂ ਵਾਲੇ ਹੋਣ। ਸਿੰਘਣੀ ਨੇ ਆਪ ਦਸਵੰਧ ਬਚਾਣਾ ਹੈ, ਆਪ ਗੁਰੂ ਘਰ ਦੀ ਸੇਵਾ ਚਾਅ ਨਾਲ ਕਰਨੀ ਹੈ, ਬਾਹਰੋਂ ਪਤੀ ਨਾਲ ਵੇਲੇ ਕੁਵੇਲੇ ਆਏ ਗੁਰਮੁਖਾਂ ਦੀ ਚਾਉ ਅਤੇ ਸ਼ਰਧਾ ਨਾਲ ਸੇਵਾ ਕਰਨੀ ਹੈ। ਇਹ ਨਹੀਂ ਕਹਿਣਾ ਕਿ ਇਸ ਦਾ ਤਾ ਰੋਜ਼ ਇਹੀ ਕੰਮ ਹੈ, ਨਾ ਵੇਲਾ ਦੇਖਣਾ, ਨਾ ਕੁਵੇਲਾ, ਜਿਹੜਾ ਦੇਖਿਆ ਉਸੇ ਨੂੰ ਘਰ ਲੈ ਆਏ, ਅਤੇ ਮੇਰੀ ਤਕਲੀਫ ਦੀ ਇਨ੍ਹਾਂ ਨੂੰ ਪ੍ਰਵਾਹ ਨਹੀਂ।

ਇਹੋ ਜਿਹੀਆਂ ਗੱਲਾਂ ਦੇਖਣ ਨੂੰ ਛੋਟੀਆਂ ਹਨ, ਪਰ ਇਹੀ ਰੋਜ਼ਾਨਾ ਜ਼ਿੰਦਗੀ ਨੂੰ ਫਿੱਕਾ ਬਣਾ ਦਿੰਦੀਆਂ ਹਨ। ਕਿਸੇ ਨਾਲ ਭੀ ਜ਼ਿੰਦਗੀ ਤਾਂ ਹੀ ਨਿਭ ਸਕਦੀ ਹੈ ਜੇ ਖਿਆਲ ਇਕੋ, ਖਾਣ ਪਹਿਰਨ ਇਕੋ ਅਤੇ ਸੰਗਤ, ਮਿਤ੍ਰਤਾਈ ਇਕੋ ਜਿਹਿਆਂ ਨਾਲ ਹੋਵੇ, ਨਹੀਂ ਤਾਂ ਇਹ ਐਸੀ ਵਿਥ ਪੈ ਜਾਂਦੀ ਹੈ ਜੋ ਸਾਂਝ ਪੈਣ ਹੀ ਨਹੀਂ ਦਿੰਦੀ। ਤਦੇ ਤਾਂ ਬਾਣੀ ਅੰਦਰ ਆਉਂਦਾ ਹੈ—

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥
॥੩॥੯॥ [ਮ: ੩, ਵਾਰ ਸੂਹੀ, ਪੰਨਾ ੭੮੮

ਆਪਣੇ ਸਾਥੀ ਤੋਂ ਜੀਵਨ ਦੀ ਸੇਵਾ ਤਾਂ ਸਾਰੀ ਲੈਣੀ, ਪਰ ਅਕਾਲ ਪੁਰਖ ਦੀ ਪ੍ਰਾਪਤੀ ਦੇ ਨਿਰਮਲ ਪੰਥ ਤੇ ਉਸ ਨੂੰ ਆਪਣੇ ਨਾਲ ਤੁਰਨ ਦਾ ਅਧਿਕਾਰ ਨਾ ਦੇਣਾ ਅਤੇ ਉਸ ਨੂੰ ਨਿਗੁਰੀ ਰੱਖਣਾ, ਇਸ ਤੋਂ ਵੱਡੀ ਬੇਨਿਸਾਫ਼ੀ ਕੋਈ ਮਰਦ ਆਪਣੀ ਇਸਤ੍ਰੀ ਨਾਲ ਕਰ ਹੀ ਨਹੀਂ ਸਕਦਾ। ਜੇ ਕਰਦਾ ਹੈ ਅਤੇ ਨਾਲ ਇਹ ਕਹਿੰਦਾ ਹੈ ਕਿ ਸਾਡੇ ਘਰ ਤਾਂ ਪੂਰਨ ਸ਼ਾਂਤੀ ਤੇ ਸੁਖ ਹੈ, ਸਾਡੀ ਜ਼ਿੰਦਗੀ ਵਿਚ ਤਾਂ ਮੇਰੇ ਅੰਮ੍ਰਿਤਧਾਰੀ ਤੇ ਮੇਰੀ ਜ਼ਨਾਨੀ ਦੇ ਬੇਅੰਮ੍ਰਿਤੀ ਹੋਣ ਨਾਲ ਕੋਈ ਘਰੇਲੂ ਔਖ ਕਦੀ ਨਹੀਂ ਆਈ, ਤਾਂ ਇਸ ਦਾ ਮਤਲਬ ਸਾਫ਼ ਤੇ ਸਪੱਸ਼ਟ ਹੈ ਕਿ ਉਸ ਦੀ ਸੁਰਤੀ ਨੇ ਅਜੇ ਉਹ ਅਨੰਦ ਨਹੀਂ ਮਾਣਿਆ, ਜਿੱਥੇ ਜਾ ਕੇ ਪਤਾ ਲਗੇ ਕਿ "ਆਨ ਰਸਾ ਸਭਿ ਹੋਛੇ ਰੇ"*। ਉਸ ਦੇ ਘਰ ਦੀ ਗੱਡੀ ਤਾਂ ਠੀਕ ਰਿੜ੍ਹ ਰਹੀ ਹੈ, ਜੋ ਉਹ ਆਪਣੀ ਇਸਤ੍ਰੀ ਦੇ ਸਾਰੇ ਦੁਨਿਆਵੀ ਕੰਮਾਂ, ਰਸਾਂ ਕਸਾਂ ਨਾਲ ਸਾਂਝ ਪਾ ਕੇ ਚਲਦਾ ਹੈ।

ਅੰਮ੍ਰਿਤ ਉਸ ਨੇ ਜ਼ਰੂਰ ਛਕ ਲਿਆ, ਚਾਹੇ ਕੋਈ ਕਿਸੇ ਧਾਰਮਕ ਨੌਕਰੀ ਲਈ ਜਾਂ ਕਿਸੇ ਧਾਰਮਕ ਕਿੱਤੇ ਕੀਰਤਨ ਆਦਿ ਲਈ ਜਾਂ ਕੁਝ ਵੱਟਾਂ ਵਗੈਰਾ ਲੈਣ ਦੇਣ ਦੇ ਸਿਲਸਿਲੇ ਲਈ। ਉਹਦਾ ਧਾਰਮਕ ਚਿੰਨ੍ਹਾਂ ਵਾਲਾ ਸਰੂਪ ਤਾਂ ਹੋ ਗਿਆ, ਜਿਸ ਨਾਲ ਅੱਜ ਦੀ ਦੁਨੀਆ ਅੰਦਰ ਕਈ ਕਾਰਜ ਸੌਰਦੇ ਹਨ, ਪਰ ਉਹ ਨਾਮ-ਅਭਿਆਸੀ ਅੰਮ੍ਰਿਤ-

* ਆਸਾ ਮ: ੫, ਤਿਪਦੇ, ਪੰਨਾ ੩੭੭



www.AKJ.Org

ਗਟਾਕ ਪੀ ਤ੍ਰਿਪਤਾਉਣ ਵਾਲਾ ਰਾਹ ਨਹੀਂ। ਜੇ ਉਹ ਭੀ ਹੋਣ ਦਾ ਉਹ ਦਾਅਵਾ ਕਰੇ ਅਤੇ ਆਪਣੇ ਜੀਵਨ ਵਿਚ ਦੋ ਰਾਹਾਂ ਤੇ ਭੀ ਤੁਰ ਕੇ ਕਹੇ, ਮੈਂ ਸਫਲ ਜੀਵਨ ਬਤੀਤ ਕਰ ਰਿਹਾ ਹਾਂ ਤਾਂ ਇਸ ਨੂੰ ਮੰਨਣਾ ਬਹੁਤ ਔਖਾ ਹੀ ਨਹੀਂ, ਅਸੰਭਵ ਹੈ। ਸਤਿਗੁਰੂ ਫੁਰਮਉਂਦੇ ਹਨ—

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥

(੧੯) [ਮਾਝ ਕੀ ਵਾਰ, ਪੰਨਾ ੧੪੫

ਸੋ ਮੇਰੀ ਪੰਥਕ ਵਿਅਕਤੀਆਂ ਅੱਗੇ ਸਨਿਮਰ ਬੇਨਤੀ ਹੈ ਕਿ ਗੁਰੂ ਘਰ ਅੰਦਰ ਸਿੰਘ-ਸਿੰਘਣੀ ਦਾ ਵਿਤਕਰਾ ਨਹੀਂ ਹੈ। ਤੁਸੀਂ ਰੋਜ਼ ਅਰਦਾਸ ਅੰਦਰ ਪੜ੍ਹਦੇ ਸੁਣਦੇ ਹੋ, ਬੀਬੀ ਨੇ ਕਦੇ ਭੀ, ਕਿਤੇ ਭੀ ਐਸੀ ਕਮਜ਼ੋਰੀ ਨਹੀਂ ਵਿਖਾਈ, ਜਿਸ ਤੋਂ ਸਿੱਧ ਹੋਵੇ ਕਿ ਉਹ ਸਿੰਘ ਨਾਲੋਂ ਧਰਮ ਵਿਚ ਢਿੱਲੀ ਹੈ। ਕੁਰਬਾਨੀ ਵੇਲੇ, ਜੰਗਾਂ ਜੁਧਾਂ ਵੇਲੇ, ਦੁਖ ਤਸੀਹੇ ਭੋਗਣ ਵੇਲੇ ਕਦੀ ਬੀਬੀ ਨੇ ਪਿੱਠ ਨਹੀਂ ਦਿਤੀ। ਇਹ ਪਰਤੱਖ ਸਬੂਤ ਹੈ ਕਿ ਐਸੀ ਸ਼ੇਰਨੀ ਰੂਪ ਬੀਬੀ ਬੇਅੰਮ੍ਰਿਤੀ ਨਹੀਂ ਸੀ ਹੋ ਸਕਦੀ। ਐਡੀਆਂ ਘਾਲਣਾਂ ਘਾਲਣ ਵਾਲੀਆਂ ਨਿਡੱਰ ਬੀਬੀਆਂ ਖ਼ਾਲਸਾ ਰੂਪ, ਰਹਿਤਵਾਨ, ਨਿਤਨੇਮੀ ਅਤੇ ਨਾਮ ਅਭਿਆਸੀਆਂ ਹੀ ਹੋ ਸਕਦੀਆਂ ਸਨ। ਬਾਣੀ ਗਵਾਹੀ ਦਿੰਦੀ ਹੈ

"ਦਾਗੇ ਹੋਹਿ ਸੁ ਰਨ ਮਹਿ ਜੂਝਹਿ
ਬਿਨੁ ਦਾਗੇ ਭਗਿ ਜਾਈ ॥੩॥

[ਰਾਮਕਲੀ ਕਬੀਰ ਜੀ, ਪੰਨਾ ੯੭੦

ਸਤਿਗੁਰੂ ਦੀ ਬਾਣੀ ਦਾ ਅੱਖਰ ਅੱਖਰ ਸੱਚ ਹੈ, ਜਿਸ ਦੇ ਮਸਤਕ ਤੇ ਸਤਿਗੁਰੂ ਨੇ ਦਾਗ ਨਹੀਂ ਦਗਾਇਆ, ਉਹ ਧਰਮ-ਪ੍ਰੀਖਿਆ ਤੇ ਪੂਰਾ ਨਹੀਂ ਉਤਰ ਸਕਦਾ।

ਸੋ ਖਾਲਸਾ ਜੀ! ਕੌਮ ਦੀ ਅੱਜ ਦੀ ਗਿਰਾਵਟ ਦੀ ਹਾਲਤ ਬਾਰੇ ਤੁਸੀਂ ਚਿੰਤਾ ਕਰ ਰਹੇ ਹੋ, ਪਹਿਲੀ ਚਿੰਤਾ ਕਰੋ ਸਿੱਖ ਬੀਬੀ ਦੀ। ਇਸ ਦਾ ਸਰੂਪ ਮੁੜ ਸਿੰਘਣੀ ਵਾਲਾ ਬਣਾਓ ਤਾਂ ਘਰ ਸੁਧਰਨਗੇ ਤਾਂ ਕੌਮ ਸੁਧਰੇਗੀ।

ਮੈਨੂੰ ਬੜੀ ਹੈਰਾਨੀ ਹੋਈ ਹੈ, "ਦੀ ਵੈਸਟਰਨ ਸਿੱਖ ਸਮਾਚਾਰ" ਰਸਾਲੇ ਅੰਦਰ ਸਫਾ ਨੰਬਰ ੫੧ ਤੇ ਜੱਥੇਦਾਰ ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਅਜਨੋਹਾ ਜੋ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਹਨ, ਉਨ੍ਹਾਂ ਨੇ ਆਪਣੇ ਕੈਨੇਡਾ ਦੇ ਦੌਰੇ ਤੇ ਗੁਰਦੁਆਰਿਆਂ ਅੰਦਰ ਜੋ ਸਿੱਖੀ ਰਹਿਤ ਰਹਿਣੀ ਤੇ ਲੈਕਚਰ ਕੀਤੇ ਹਨ, ਉਸ ਦਾ ਸਰੰਸ਼ ਦਿਤਾ ਹੈ। ਉੱਥੇ ਉਨ੍ਹਾਂ ਸੰਗਤ ਦੇ ਕੁਝ ਸਵਾਲਾਂ ਦੇ ਜਵਾਬ ਦਿੰਦਿਆਂ ਇਹ ਕਿਹਾ ਹੈ ਕਿ—

"ਕੋਈ ਜ਼ਰੂਰੀ ਨਹੀਂ ਕਿ ਅੰਮ੍ਰਿਤਧਾਰੀ ਸਿੰਘ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾਵੇ। ਇਸ ਗੱਲ ਦਾ ਅੰਮ੍ਰਿਤ ਛਕਾਉਣ ਸਮੇਂ ਪੰਜਾਂ ਪਿਆਰਿਆਂ ਵਲੋਂ ਕਹਿਣਾ ਠੀਕ ਨਹੀਂ।"

ਕੈਸੀ ਹੈਰਾਨੀ ਵਾਲੀ ਗੱਲ ਹੈ, ਅਤੇ ਗੁਰਸਿਖ ਪਰਵਾਰਾਂ ਨੂੰ ਲੀਰੋ ਲੀਰ ਕਰਨ ਵਾਲੀ ਤਦਬੀਰ ਹੈ? ਜੇ ਸਾਡੇ ਜ਼ਿੰਮੇਵਾਰ ਆਗੂ, ਜਿਨ੍ਹਾਂ ਤੋਂ ਲੋਕੀ ਰਾਹ ਪੁਛ ਕੇ ਤੁਰਨ ਦੀ ਆਸ ਕਰਦੇ ਹਨ, ਐਸੇ ਰਸਤੇ ਦਸਣ ਲਗ ਪੈਣ ਤਾਂ ਪੰਥ ਦਾ ਹੁਣ ਜੋ ਹਾਲ ਹੋਇਆ ਹੈ ਉਸ ਤੇ ਪਛਤਾਵਾ ਕਰਨ ਦੀ ਕੋਈ ਲੋੜ ਨਹੀਂ। ਮੈਂ ਉਪਰ ਲਿਖ ਚੁਕੀ ਹਾਂ ਕਿ ਐਸੀ ਕਰਨੀ ਦਾ ਕੀ ਫਲ ਹੋਏਗਾ।

ਆਪ ਜੀ ਨਾਲ ਹੀ ਕਹਿ ਰਹੇ ਹਨ, "ਵੈਸੇ ਬਹੁਤ ਚੰਗੀ ਗੱਲ ਹੈ ਕਿ ਸਾਰੇ ਪਰਵਾਰ ਦੇ ਮੈਂਬਰ ਅੰਮ੍ਰਿਤ ਧਾਰੀ ਹੋਣ।" ਇਹ ਗੱਲ ਕੀ ਬਣੀ, ਜਿਸ ਚੀਜ਼ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ, ਉਸ ਨੂੰ ਕੋਈ ਕਰੇਗਾ ਕਿਉਂ? ਅਤੇ ਜਿਸ ਦੇ ਬਗੈਰ ਪਹਿਲਾਂ ਠੀਕ ਠਾਕ ਸਰਦਾ ਹੈ, ਉਸ ਨੂੰ ਕਰਨਾ ਫਿਰ ਬੜੀ ਚੰਗੀ ਗੱਲ ਕਿਵੇਂ ਹੋਈ? ਇਸ ਦਾ ਮਤਲਬ ਸਾਫ ਹੈ ਕਿ ਬੜੀ ਚੰਗੀ ਗਲ ਤਾਂ ਇਹੀ ਹੈ ਕਿ ਸਾਰਾ ਪ੍ਰਵਾਰ ਅੰਮ੍ਰਿਤਧਾਰੀ ਹੋਏ। ਪਰ ਜੇ ਸਿਰਫ ਸਿੰਘ ਹੀ ਹੋਵੇ ਤਾਂ ਚੰਗੀ ਗੱਲ ਤਾਂ ਹੈ ਨਹੀਂ, ਮੰਦੀ ਹੈ, ਪਰ ਅਸੀਂ ਅਜ ਕਹਿਣ ਦਾ ਹੌਸਲਾ ਹਾਰ ਬੈਠੇ ਹਾਂ। ਕਿਉਂਕਿ ਅੱਜ ਤਾਂ ਐਸੇ ਮੌਕੇ ਭੀ ਆ ਚੁਕੇ ਹਨ ਜਦੋਂ ਪਤਿਤਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ



www.AKJ.Org

ਤੋਂ ਸਿਰੋਪਾਉ ਮਿਲੇ । ਇਹ ਦੁਨਿਆਵੀ ਲਿਹਾਜ਼ਾਂ ਹੁਣ ਧਰਮ ਅੰਦਰ ਭੀ ਦਖ਼ਲ ਦੇਣ ਲਗ ਪਈਆਂ। ਸਾਡਾ ਹਾਲ ਮੰਦਾ ਹੋ ਰਿਹਾ ਹੈ ।

ਅਗੇ ਜਾ ਕੇ ਜਥੇਦਾਰ ਸਾਹਿਬ ਨੇ ਜ਼ੋਰਦਾਰ ਅਪੀਲਾਂ ਕਰ ਕੇ ਸਾਬਤ ਸੂਰਤ ਰਹਿਣ ਅਤੇ ਅੰਮ੍ਰਿਤ ਛਕਕੇ ਤਿਆਰ-ਬਰ-ਤਿਆਰ ਸਿੰਘ ਸਜਣ ਲਈ ਕਿਹਾ। ਉਨ੍ਹਾਂ ਕਿਹਾ ਕਿ "ਜੋ ਲੋਕ ਕਹਿੰਦੇ ਹਨ ਕਿ ਉਨ੍ਹਾਂ ਦੇ ਮਨ ਵਿਚ ਸਿੱਖੀ ਹੈ, ਉਹ ਜ਼ਰਾ ਸੋਚਣ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਅੰਮ੍ਰਿਤ ਛਕਣ ਦੀ ਕੀ ਲੋੜ ਸੀ ? ਕੀ ਉਨ੍ਹਾਂ ਦੇ ਮਨ ਦੀ ਸਿੱਖੀ ਨਹੀਂ ਸੀ ? ਇਹ ਤਾਂ ਐਵੇਂ ਆਪਣੇ ਮਨ ਦੇ ਬਹਾਨੇ ਹਨ ਅਤੇ ਆਪਣੇ ਪਾਪਾਂ ਉਪਰ ਪੜਦਾ ਪਾਉਣ ਦੀ ਕੋਸ਼ਿਸ਼ ਹੈ। ਸਿਖ ਧਰਮ ਵਿਚ ਗੁਰੂ ਧਾਰਨ ਕਰਨ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ। *'ਵੇਦੀਨਾ ਕੀ ਦੋਸਤੀ, ਵੇਦੀਨਾ ਕਾ ਖਾਣੁ' ਤੋਂ ਹਰ ਅੰਮ੍ਰਿਤਧਾਰੀ ਸਿੱਖ ਨੂੰ ਅੰਮ੍ਰਿਤ ਛਕਾਉਣ ਵੇਲੇ ਵਰਜਤ ਕੀਤਾ ਜਾਂਦਾ ਹੈ ਅਤੇ ਗੁਰਮਤਿ ਮਰਯਾਦਾ ਅਨੁਸਾਰ ਚਲਣ ਦਾ ਪ੍ਰਣ ਲਿਆ ਜਾਂਦਾ ਹੈ।"

ਇਸ ਅਖੀਰਲੇ ਪੈਰੇ ਨੂੰ ਪੜ੍ਹ ਕੇ ਮਨ ਨੂੰ ਖੁਸ਼ੀ ਤਾਂ ਪ੍ਰਤੀਤ ਹੋਈ, ਪਰ ਫੇਰ ਖ਼ਿਆਲ ਆਇਆ ਕਿ ਇਹ ਤਾਂ ਸਿੰਘਾਂ ਲਈ ਹੈ, ਸਿੰਘਣੀ ਨੂੰ ਤਾਂ ਉਨ੍ਹਾਂ ਦੇ ਖ਼ਿਆਲ ਅਨੁਸਾਰ ਅੰਮ੍ਰਿਤ ਦੀ ਲੋੜ ਨਹੀਂ। ਮੈਂ ਅਦਬ ਸਹਿਤ ਪੁਛਦੀ ਹਾਂ ਕਿ ਇਸ ਦਿਤੀ ਛੋਟ ਅਨੁਸਾਰ ਅੰਮ੍ਰਿਤਧਾਰੀ ਕਿਰਪਾਨਧਾਰੀ ਸਿੰਘ ਦੀ ਬੀਵੀ (ਮੈਂ ਉਸ ਨੂੰ ਸਿੰਘਣੀ ਨਹੀਂ ਕਹਾਂਗੀ) ਪਟਿਆਂ ਵਾਲੀ, ਬੁਲ੍ਹ ਰੰਗੇ ਹੋਏ, ਅੱਧੀ ਨੰਗੀ ਭੀ ਹੋ ਸਕਦੀ ਹੈ। ਅੱਜ ਕਲ੍ਹ ਬਹੁਤ ਗਿਣਤੀ ਵਿਚ ਸਰਦਾਰਨੀਆਂ ਸ਼ਰਾਬ ਪੀਂਦੀਆਂ ਹਨ ਜੋ ਕਿ ਪਾਰਟੀਆਂ, ਕਲੱਬਾਂ ਵਿਚ ਆਮ ਚਲਦੀ ਹੈ । ਮੈਂ ਆਪਣੇ ਅੱਖੀਂ ਦੇਖੇ ਹਾਲਾਤ ਬਿਆਨ ਕਰ ਰਹੀ ਹਾਂ, ਸੁਣੇ-ਸੁਣਾਏ ਨਹੀਂ। ਉਸ ਅੰਮ੍ਰਿਤਧਾਰੀ ਸਿੰਘ ਦਾ ਕੀ ਬਣਿਆ, ਜਿਸ ਦੀ ਅਰਧ-ਸਰੀਰੀ ਜ਼ਮਾਨੇ ਦੀ ਚਾਲ ਢਾਲ ਅਨੁਸਾਰ ਉਪਰ ਬਿਆਨ ਕੀਤਾ ਜੀਵਨ ਜੀਵੇ ? ਕਿਉਂਕਿ ਜਿਸ ਨੇ 'ਖੰਡੇ ਦੀ ਪਾਹੁਲ' ਨਹੀਂ ਲਈ, ਉਹ ਸਿਖ ਨਹੀਂ; ਉਸ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਨਹੀਂ ਕੀਤਾ। ਫਿਰ ਜਿਸ ਨੇ ਸਿੱਖੀ ਧਾਰਨ ਹੀ ਨਹੀਂ ਕੀਤੀ, ਉਸ ਲਈ ਨਾ ਕੇਸਾਂ ਦੀ ਮਹੱਤਤਾ ਹੈ, ਨਾ ਤੰਬਾਕੂ ਬਿਖਿਆ ਹੈ, ਨਾ ਕੋਈ ਹੋਰ ਨਸ਼ਾ ਬਿਵਰਜਤ ਹੈ। ਉਸ ਉਪਰ ਸਿੱਖੀ ਰਹਿਤ-ਕੁਰਹਿਤਾਂ ਦੀ ਕੋਈ ਕਾਨੂੰਨਨ ਪਾਬੰਦੀ ਨਹੀਂ ਹੈ, ਤੇ ਸਿਖੀ ਰਹਿਤਾਂ ਰਵਾਇਤਾਂ ਦਾ ਉਸ ਵਿਅਕਤੀ ਉਤੇ ਕੋਈ ਅਧਿਕਾਰ ਨਹੀਂ ਹੈ । ਉਹ ਜੋਰੂ ਸਭ ਚੰਗੇ-ਮੰਦੇ ਕਰਮ ਕਰਦੀ ਹੋਈ ਭੀ ਗੁਰੂ ਤੋਂ ਬੇਮੁਖ ਨਹੀਂ ਹੈ, ਕਿਉਂਕਿ ਉਸ ਨੇ ਗੁਰੂ ਧਾਰਨ ਹੀ ਨਹੀਂ ਕੀਤਾ। ਉਹ ਆਜ਼ਾਦ ਹੈ, ਜੋ ਉਸ ਨੂੰ ਚੰਗਾ ਲੱਗੇ ਉਹ ਕਰੇਗੀ, ਜੋ ਉਸ ਦਾ ਆਪਣਾ ਮਨ ਮੰਨੇ ਉਹ ਛਡੇਗੀ, ਕਿਸੇ ਦਾ ਕੋਈ ਦਖ਼ਲ ਨਹੀਂ। ਅੱਜ ਦੇ ਜ਼ਮਾਨੇ ਅੰਦਰ ਮਨ ਦੀਆਂ ਰੁਚੀਆਂ ਪ੍ਰਧਾਨ ਹਨ, ਇਹ ਸਾਨੂੰ ਸਭ ਨੂੰ ਪਤਾ ਹੈ, ਜਥੇਦਾਰ ਸਾਹਿਬ ਨੂੰ ਭੀ ਪਤਾ ਹੈ। ਪੰਜਾਂ ਚੋਰਾਂ ਦਾ ਬਾਜ਼ਾਰ ਗਰਮ ਹੈ "ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ"* ਵਾਲਾ ਵਰਤਾਰਾ ਸ਼ਰੇਆਮ ਵਰਤ ਰਿਹਾ ਹੈ। ਐਸੇ ਹਾਲਾਤ ਅੰਦਰ ਰਹਿਣ ਵਾਲੀ, ਪੜ੍ਹੀ ਲਿਖੀ ਨੌਜੁਆਨ ਬੀਬੀ, ਜਿਸ ਦੇ ਸਿਰ ਤੇ ਧਰਮ ਦਾ ਹੱਥ ਨਹੀਂ, ਗੁਰੂ ਦੀ ਬਖਸ਼ਿਸ਼ ਨਹੀਂ, ਕੋਈ ਪਾਬੰਦੀ ਉਸ ਤੇ ਨਹੀਂ ਲੱਗੀ; ਉਸ ਦਾ ਨਰੜ ਇਕ ਤਿਆਰ-ਬਰ-ਤਿਆਰ ਸਿੰਘ ਨਾਲ ਕਰ ਦਿਤਾ ਜਾਏ, ਤਾਂ ਸਿੰਘ ਨੇ ਉਸ ਜੀਵਨ ਵਿਚੋਂ ਕੀ ਖੱਟ ਲੈਣਾ ਹੈ ?

ਸਾਡੇ ਆਗੂਆਂ ਨੂੰ ਸਿਖ ਕੌਮ ਦੀ ਅੱਜ ਦੀ ਅਧੋਗਤੀ ਵਾਲੀ ਹਾਲਤ ਡੂੰਘੀ ਨਜ਼ਰ ਨਾਲ ਦੇਖ ਕੇ ਵਿਚਾਰਨਾ ਚਾਹੀਦਾ ਹੈ ਕਿ ਇਹ ਕਿਉਂ ਹੋਈ ? ਸਭ ਨੂੰ ਦਿਸ ਰਿਹਾ ਹੈ ਕਿ ਇਹ ਤਦੇ ਹੋਈ ਜਦ ਸਾਡੀ ਕੌਮ ਦਾ ਡਿਸਿਪਲਿਨ ਢਿੱਲਾ ਹੋ ਗਿਆ, ਪੈਸਾ ਪ੍ਰਧਾਨ ਹੁੰਦਾ ਚਲਾ ਗਿਆ, ਧਰਮ ਉਹਲੇ ਹੋਣ ਲੱਗ ਪਿਆ। ਅੱਜ ਧਰਮੀ ਦੀ ਕਦਰ ਨਹੀਂ, ਮਾਇਆਧਾਰੀ ਦੀ ਕਦਰ-ਕੀਮਤ ਹੈ। ਕੀ ਅਸੀਂ ਅਜੇ ਭੀ ਨਹੀਂ ਸਮਝ ਸਕੇ ? ਕਿ ਜੇ ਅਸੀਂ ਹੁਣ ਆਪਣੇ ਪੈਰ ਧਰਮ ਦੇ ਰਸਤੇ ਤੇ ਪੱਕੇ ਕਰ ਕੇ ਨਾ ਖੜੋਤੇ ਤਾਂ ਕੌਮ ਮੂਧੇ ਮੂੰਹ ਜਾ ਰਹੀ ਹੈ ?

* ਸਲੋਕ ਮ: ੧, ਵਾਰ ਸੂਹੀ, ॥੧॥(੧੪) ਪੰਨਾ ੭੯੦

* ਤਿਲੰਗ ਮ: ੧, ਪੰਨਾ ੭੨੨


www.AKJ.Org

ਅਜੇ ਪੰਥ ਅੰਦਰ ਨਾਮ-ਰਸੀਏ ਹਨ, ਧਰਮ ਤੋਂ ਕੁਰਬਾਨ ਹੋਣ ਵਾਲੇ ਹਨ, ਬਾਣੀ ਦੇ ਅਧਾਰ ਤੇ ਜੀਣ ਵਾਲੇ ਹਨ, ਪਰ ਉਨ੍ਹਾਂ ਲਈ ਜਗ੍ਹਾ ਤੰਗ ਹੈ। ਬੋਲ ਬਾਲਾ ਮਾਇਆ-ਧਾਰੀ ਤਬਕੇ ਦਾ ਹੋ ਰਿਹਾ ਹੈ। ਪਰ ਕੋਈ ਸ਼ੱਕ ਨਹੀਂ, ਅਜੇ ਕੌਮ ਜੀ ਰਹੀ ਹੈ ਤਾਂ ਸਤਿਗੁਰੂ ਦੇ ਦਰ ਦੇ ਭੌਰਿਆਂ ਦਾ ਸਦਕਾ ਹੀ।

ਮੈਂ ਬੇਨਤੀ ਕਰਦੀ ਹਾਂ, ਸਾਡੇ ਪੰਥਕ ਆਗੂ ਜਿਥੇ ਭੀ ਜਿਸ ਅਹੁਦੇ ਤੇ ਭੀ ਹਨ, ਕਿਸੇ ਦੀ ਕਾਣ ਨਾ ਰੱਖਣ, ਗੁਰੂ ਉਪਦੇਸ਼ ਨਿਡਰ ਹੋ ਕੇ ਦ੍ਰਿੜ੍ਹਾਉਣ :—

ਸਤਿਗੁਰ ਬਾਝਹੁ ਗੁਰੁ ਨਹੀ ਕੋਈ
ਨਿਗੁਰੇ ਕਾ ਹੈ ਨਾਉ ਬੁਰਾ ॥੧੩॥
[ਆਸਾ ਮ: ੩ ਪਟੀ, ਪੰਨਾ ੪੩੫

ਕੀ ਮਰਦ, ਕੀ ਔਰਤ, ਗੁਰੂ ਧਾਰਨ ਕਰਨਾ, ਖੰਡੇ ਦੀ ਪਾਹੁਲ ਲੈਣੀ ਦੋਹਾਂ ਲਈ ਇਕੋ ਜਿਹੀ ਜ਼ਰੂਰੀ ਹੈ। ਸਿੱਖੀ ਕਮਾਉਣੀ ਤੇ ਰਹਿਤ ਰੱਖਣੀ ਦੋਹਾਂ ਲਈ ਇਕੋ ਜਿਹੀ ਜ਼ਰੂਰੀ ਹੈ। ਜੇ ਕਦੀ ਭੀ ਪੰਥ ਨੂੰ ਜਾਂ ਗੁਰੂ ਘਰ ਨੂੰ ਲੋੜ ਹੋਵੇ ਤਾਂ ਕੁਰਬਾਨੀ ਦੇਣੀ ਭੀ ਇਕੋ ਜਿੰਨੀ ਸੇਵਾ ਹੈ।

ਇਸੇ ਪਰਚੇ ਵਿਚ ਜਥੇਦਾਰ ਸਾਹਿਬ ਦੇ ਨਾਂ ਹੇਠ ਹੋਰ ਵੀ ਕੁਝ ਬਿਆਨ ਛਪੇ ਹਨ ਜਿਨ੍ਹਾਂ ਤੋਂ ਕੁਝ ਟਪਲੇ ਲਗਣ ਦੀ ਸੰਭਾਵਨਾ ਹੈ। ਇਸ ਬਾਰੇ ਵਿਚਾਰ ਅਗਲੇ ਪਰਚੇ ਵਿਚ ਦਿਤੇ ਜਾਣਗੇ।

## ਅਖੰਡ ਕੀਰਤਨੀ ਜੱਥੇ ਦੇ ਮੈਂਬਰ

ਜਿਥੇ ਕਿਤੇ ਵੀ ਪਿੰਡਾਂ ਸ਼ਹਿਰਾਂ, ਦੇਸਾਂ, ਪਰਦੇਸਾਂ ਵਿਚ ਹਨ, ਉਹ ਆਪਣੇ ਪੂਰੇ ਪੂਰੇ ਪਤੇ ਆਪਣੇ ਹਲਕੇ ਦੇ ਪ੍ਰਤੀਨਿਧਾਂ ਨੂੰ ਭੇਜਣ ਤਾਂਕਿ ਗੁਰਮਤਿ ਪਰਚਾਰ ਸਬੰਧੀ ਲੋੜ ਪੈਣ ਤੇ ਉਨ੍ਹਾਂ ਨਾਲ ਚਿੱਠੀ ਪੱਤਰ ਕੀਤਾ ਜਾ ਸਕੇ ਅਤੇ ਪੰਥਕ ਕਾਰਜਾਂ ਦੀ ਸੇਵਾ ਵਿਚ ਹੱਥ ਵਟਾਇਆ ਜਾ ਸਕੇ। ਅਤੇ ਜਦੋਂ ਕਿਧਰੇ ਕੋਈ ਪ੍ਰਚਾਰ-ਜੱਥਾ ਉਸ ਇਲਾਕੇ ਵਿਚ ਜਾਂਦਾ ਹੈ ਤਾਂ ਉਨ੍ਹਾਂ ਪਾਸ ਅਸਾਨੀ ਨਾਲ ਪੁਜਿਆ ਵੀ ਜਾ ਸਕੇ।

ਦਾਸ—ਮੈਨੇਜਰ, 'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ

## ਸੰਗਤਾਂ ਨੂੰ ਚਿਤਾਵਨੀ—ਸ਼ਹੀਦੀ ਫ਼ੰਡ ਬਾਰੇ ਸੂਚਨਾ

ਕਈ ਥਾਵਾਂ ਤੋਂ ਸਾਨੂੰ ਪੁੱਛਾਂ ਆਉਂਦੀਆਂ ਹਨ ਕਿ ਇੰਨੀ ਇੰਨੀ ਰਕਮ ਅਸਾਂ ਸ਼ਹੀਦੀ ਫ਼ੰਡ ਲਈ ਭੇਜੀ-ਭਿਜਵਾਈ ਹੈ, ਉਸ ਬਾਰੇ ਪਤਾ ਦਿਓ।

ਸੰਗਤਾਂ ਪਾਸ ਪ੍ਰਾਰਥਨਾ ਹੈ ਕਿ ਸਾਡੇ ਪਾਸ ਤਾਂ ਜੋ ਰਕਮਾਂ ਇਸ ਫ਼ੰਡ ਲਈ ਪੁਜ ਰਹੀਆਂ ਹਨ, ਉਨ੍ਹਾਂ ਦਾ ਵੇਰਵਾ (ਸਣੇ ਖਰਚ ਦੇ) 'ਸੂਰਾ' ਅਗਸਤ ਵਿਚ ਦਿਤਾ ਗਿਆ ਸੀ ਅਤੇ ਬਾਕੀ ਵੇਰਵਾ ਇਸ ਸਤੰਬਰ ਦੇ ਪਰਚੇ ਵਿਚ ਹਾਜ਼ਰ ਹੈ। ਇਨ੍ਹਾਂ ਰਕਮਾਂ ਤੋਂ ਇਲਾਵਾ ਗੁਪਤ ਜਾਂ ਪਰਗਟ ਕਿਸੇ ਸ਼ਕਲ ਵਿਚ ਵੀ ਕੋਈ ਰਕਮ ਕਿਸੇ ਸਜਣ ਨੇ ਸਾਨੂੰ ਭੇਜੀ ਹੈ ਤੇ ਉਹ ਅਸਾਂ ਦਰਜ ਨਾ ਕੀਤੀ ਹੋਵੇ ਤਾਂ ਫ਼ੌਰਨ ਪਤਾ ਦੇਵੇ ਜੀ।

ਸਮੂਹ ਦੇਸ ਪਰਦੇਸ ਦੀਆਂ ਸੰਗਤਾਂ ਪਾਸ ਬਿਨੈ ਹੈ ਕਿ ਜਿਸ ਕਿਸੇ ਨੂੰ ਅਤੇ ਜਿਸ ਢੰਗ ਰਾਹੀਂ ਸ਼ਹੀਦੀ ਫੰਡ (ਸ਼ਹੀਦ ਪਰਵਾਰਾਂ) ਲਈ ਰਕਮ ਭੇਜੀ ਗਈ ਹੋਵੇ, ਪੂਰਾ ਵੇਰਵਾ ਭੇਜਣ ਦੀ ਕਿਰਪਾਲਤਾ ਕਰੋ ਤਾਂਕਿ ਉਨ੍ਹਾਂ ਰਕਮਾਂ ਬਾਰੇ ਵੇਖਿਆ ਚਾਖਿਆ ਜਾ ਸਕੇ।

ਜੇ ਡਰਾਫ਼ਟ (ਚੈਕ) ਭੇਜੋ ਤਾਂ ਉਹ 'ਅਖੰਡ ਕੀਰਤਨੀ ਜੱਥਾ' ਦੇ ਨਾਂ ਭੇਜੋ ਅਤੇ ਕਰਾਸ ਜ਼ਰੂਰ ਕਰੋ।

ਦਾਸਰਾ—ਜੱਥੇਦਾਰ, ਅਖੰਡ ਕੀਰਤਨੀ ਜੱਥਾ C/o 'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ।

---

## ਨੈਣੋਕੋਟ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਪਿੰਡ ਨੈਣੋਕੋਟ (ਬਰਾਸਤਾ ਕਾਹਨੂੰਵਾਲ ਜ਼ਿਲਾ ਗੁਰਦਾਸਪੁਰ) ਭਾਈ ਜੁਗਿੰਦਰ ਸਿੰਘ ਜੀ ਦੇ ਗ੍ਰਿਹ ਵਿਖੇ ੧੬ ਸਤੰਬਰ ੧੯੭੮ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ। ਕਾਹਨੂੰਵਾਨ ਲਈ ਬਸਾਂ ਬਟਾਲੇ ਤੋਂ ਅਤੇ ਗੁਰਦਾਸਪੁਰ ਤੋਂ ਮਿਲਦੀਆਂ ਰਨ। ਨੈਣੋਕੋਟ ਕਾਹਨੂੰਵਾਨ ਤੋਂ ਇਕ ਮੀਲ ਪੈਦਲ ਹੈ।



www.AKJ.Org

# ਉਘਰਿ ਗਇਆ ਜੈਸਾ ਖੋਟਾ ਢਬੂਆ

[ਆਸਾ ਮ: ੫, ਪੰਨਾ ੩੮੧

## ਨਕਲੀ ਨਿਰੰਕਾਰੀਆਂ ਦੇ ਗੁਰ-ਡੰਮ ਦਾ ਪਾਜ ਉਘੜ ਆਇਆ

ਸ੍ਰੀ ਹਰਚਰਨ ਸਿੰਘ ਨਿਰਮਾਣ ਨਕਲੀ ਨਿਰੰਕਾਰੀਆਂ ਦਾ ਇਤਿਹਾਸਕਾਰ ਹੈ। ਉਸ ਨੇ ਆਪਣੀ ਖੋਜ ਦੇ ਅਧਾਰ ਤੇ ਜੋ ਚਿਠੀ-ਪੱਤਰ ਡਾਕਟਰ ਗੰਡਾ ਸਿੰਘ ਜੀ ਪਰਸਿਧ ਇਤਿਹਾਸਕਾਰ ਨਾਲ ਕੀਤੀ, ਉਸ ਬਾਰੇ ਡਾਕਟਰ ਸਾਹਿਬ ਦਾ ਖੋਜ ਭਰਿਆ ਲੇਖ ਜੋ ਅਸਾਂ ਅਜੀਤ ਵਿਚੋਂ ਲੈ ਕੇ ਅਗਸਤ ੧੯੭੮ ਦੇ 'ਸੂਰਾ' ਵਿਚ ਛਾਪਿਆ ਸੀ, ਉਸ ਲੇਖ ਦੀਆਂ ਦਲੀਲਾਂ ਨੇ ਨਿਰਮਾਣ ਜੀ ਦਾ ਦਿਮਾਗ ਟਿਕਾਣੇ ਲੈ ਆਂਦਾ ਹੈ। ਡਾਕਟਰ ਸਾਹਿਬ ਦਾ ਲੇਖ ਪੜ੍ਹ ਕੇ ਨਕਲੀ ਨਿਰੰਕਾਰੀ ਸ੍ਰੀ ਹਰਚਰਨ ਸਿੰਘ ਨਿਰਮਾਣ ਨੇ 'ਅਜੀਤ' ਦੇ ਐਡੀਟਰ ਨੂੰ ਜੋ ਚਿੱਠੀ ਲਿੱਖੀ ਹੈ, ਉਹ ਪਹਿਲੀਆਂ ਚਿੱਠੀਆਂ ਸਮੇਤ ਹੇਠਾਂ ਦੇ ਰਹੇ ਹਾਂ।

੧੬ ਮਾਰਚ ੧੯੬੭ ਨੂੰ ਸ੍ਰੀ ਹਰਚਰਨ ਸਿੰਘ ਨਿਰਮਾਣ (ਨਕਲੀ) ਨਿਰੰਕਾਰੀ ਨੇ ਹੇਠ ਲਿਖਿਆ ਕਾਰਡ ਡਾਕਟਰ ਗੰਡਾ ਸਿੰਘ ਜੀ ਨੂੰ ਲਿਖਿਆ ਸੀ।

੧੩੧੩, ਸੈਕਟਰ ੧੫ ਬੀ,
ਚੰਡੀਗੜ੍ਹ ੧੬-੩-੬੭

ਸਤਿਕਾਰ ਯੋਗ ਡਾਕਟਰ ਸਾਹਿਬ, ਸਤਿ ਸ੍ਰੀ ਅਕਾਲ।

ਪਿਛਲੇ ਪੰਜ ਵਰ੍ਹਿਆਂ ਤੋਂ ਮੈਂ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਦੇ ਪੈਗੰਬਰਾਂ ਬਾਰੇ ਖੋਜ ਕਰ ਰਿਹਾ ਹਾਂ। ਨਿਚੋੜ ਇਹ ਨਿਕਲਿਆ ਹੈ ਕਿ ਗੁਰਿਆਈ ਸੰਤ ਸਿੰਘ, ਸੰਗਤ ਸਿੰਘ, ਬਾਲਕ ਸਿੰਘ, ਦਿਆਲ, ਦਰਬਾਰਾ ਸਿੰਘ, ਰਤਨ ਚੰਦ, ਕਾਹਨ ਸਿੰਘ, ਬੂਟਾ ਸਿੰਘ, ਅਵਤਾਰ ਸਿੰਘ ਰਾਹੀਂ ਚਲ ਕੇ ਹੁਣ ਬਾਬਾ ਗੁਰਬਚਨ ਸਿੰਘ ਕੋਲ ਹੈ। ਇਹ ਸਾਰੀ ਖੋਜ ਮੈਂ ਆਪ ਦੇ ਚਰਨਾਂ ਵਿਚ ਪੇਸ਼ ਕਰਨਾ ਚਾਹੁੰਦਾ ਹਾਂ, ਪਰ ਇਸ ਤੋਂ ਪਹਿਲਾਂ ਆਪ ਨੂੰ ਪਰਮਾਤਮਾ ਦੇ ਸਾਖਿਆਤ ਦਰਸ਼ਨ ਹੋਣੇ ਜ਼ਰੂਰੀ ਹਨ, ਕਿਉਂਕਿ ਇਸ ਯੋਗਤਾ ਬਿਨਾਂ ਸਤਿਗੁਰੂ ਨੂੰ ਪਛਾਣਨਾ ਅਸੰਭਵ ਹੈ। ਇਸ ਕਾਰਜ ਲਈ ਤੁਸੀਂ ਭਾਈ ਸਾਹਿਬ ਅਮਰ ਸਿੰਘ ਨਿਰੰਕਾਰੀ ਭਵਨ, ਸਾਹਮਣੇ ਟੀ.ਬੀ. ਹਸਪਤਾਲ ਪਟਿਆਲਾ ਨੂੰ ਮਿਲੋ ਤੇ ਮੈਨੂੰ ਹੁਕਮ ਕਰੋ ਕਿ ਮੈਂ ਆਪ ਕੋਲ ਕਦੋਂ ਹਾਜ਼ਰ ਹੋਵਾਂ। ਦਾਸ—ਹਰਚਰਨ ਸਿੰਘ ਨਿਰਮਾਣ

ਇਸ ਕਾਰਡ ਦਾ ਜਵਾਬ ਜੋ ਡਾ: ਸਾਹਿਬ ਨੇ ਦਿਤਾ ਸੀ, ਉਸ ਦੀ ਨਕਲ ਇਉਂ ਹੈ:—

ਸ੍ਰੀ ਮਾਨ ਜੀ, ਮਾਰਚ ੧੯,੧੯੬੭

ਆਪ ਜੀ ਦੇ ੧੬-੩-੬੭ ਦੇ ਕਾਰਡ ਲਈ ਧੰਨਵਾਦ। ਪਰ ਪਰਮਾਤਮਾ ਦੇ ਸਾਖਿਆਤ ਦਰਸ਼ਨ ਹਰ ਸੁਧ-ਚਿਤ ਅਤੇ ਨਿਰਮਲ ਅੱਖ ਨੂੰ ਹਰ ਵੇਲੇ ਅਤੇ ਹਰ ਥਾਂ ਉਸ ਦੀ ਕੁਦਰਤ ਵਿਚ ਹੁੰਦੇ ਹਨ।

ਸ੍ਰੀ ਹਰਚਰਨ ਸਿੰਘ ਨਿਰਮਾਣ ਆਪ ਦਾ
੧੩੧੩, ਸੈਕਟਰ ੧੫ਬੀ, ਚੰਡੀਗੜ੍ਹ (ਗੰਡਾ ਸਿੰਘ)

ਅਗਸਤ ਦੇ 'ਸੂਰਾ' ਵਿਚ ਡਾਕਟਰ ਗੰਡਾ ਸਿੰਘ ਜੀ ਦਾ ਜੋ ਲੇਖ ਅਸਾਂ ਛਾਪਿਆ ਸੀ, ਉਸ ਲੇਖ ਦੇ ਅਰੰਭ ਵਿਚ ਡਾਕਟਰ ਜੀ ਨੇ ਇਹ ਪੈਰਾ ਦਿਤਾ ਹੋਇਆ ਹੈ :—

''ਮੈਨੂੰ ਚੂੰਕਿ ਉਨ੍ਹਾਂ ਦੀ ਪਹਿਲੀ ਗੱਲ 'ਪਰਮਾਤਮਾ ਦੇ ਸਾਖਿਆਤ ਦਰਸ਼ਨ' ਕਰਨ ਲਈ ਪਟਿਆਲੇ ਨਿਰੰਕਾਰੀ ਭਵਨ ਵਿਚ ਕਿਸੇ ਨੂੰ ਮਿਲਣ ਵਾਲੀ ਨਹੀਂ ਸੀ ਜਚੀ, ਇਸ ਲਈ ਸ੍ਰੀ ਹਰਚਰਨ ਸਿੰਘ ਜੀ ਨੇ ਆਪਣੀ ਗੱਲ ਅਗੋਂ ਨਹੀਂ ਤੋਰੀ। ਪਰ ਉਨ੍ਹਾਂ ਨੇ ਆਪਣੀ ਪੰਜਾਂ ਵਰ੍ਹਿਆਂ ਦੀ ਖੋਜ ਦਾ ਨਿਚੋੜ ਆਪਣੇ ਪਹਿਲੇ ਕਾਰਡ ਵਿਚ ਹੀ ਲਿਖ ਦਿਤਾ ਸੀ ਕਿ ਗੁਰੂ ਗੋਬਿੰਦਸਿੰਘ ਜੀ ਤੋਂ ਬਾਅਦ ਪੈਗੰਬਰੀ ਸੰਤ ਸਿੰਘ ਤੋਂ ਤੁਰ ਕੇ ਹੁਣ ਬਾਬਾ ਗੁਰਬਚਨ ਸਿੰਘ ਕੋਲਹੈ।''

ਇਸ ਤੋਂ ਅਗੋਂ ਡਾਕਟਰ ਸਾਹਿਬ ਦਾ ਖੋਜ ਭਰਿਆ ਲੇਖ ਪੜ੍ਹ ਕੇ ਨਕਲੀ ਨਿਰੰਕਾਰੀ ਮਤ ਦੇ ਧਾਰਨੀ ਹਰਚਰਨ ਸਿੰਘ ਦੀ ਚੰਗੀ ਤਰ੍ਹਾਂ ਨਿਸ਼ਾ ਹੋ ਗਈ ਹੈ ਤੇ ਹੋਸ਼ ਟਿਕਾਣੇ ਆ ਗਏ ਹਨ ਅਤੇ 'ਅਜੀਤ' ਦੇ ਐਡੀਟਰ ਸ: ਸਾਧੂ ਸਿੰਘ ਜੀ ਹਮਦਰਦ ਦੇ ਨਾਂ ਜੋ ਪਤਰਕਾ ਲਿਖੀ ਹੈ ਉਸ ਵਿਚ ਉਸ ਨੂੰ ਮੰਨਣਾ ਪਿਆ ਹੈ ਕਿ—

''ਹੁਣ ਮੇਰਾ ਯਕੀਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੀ ਗਈ ਗੁਰ-ਪੀੜ੍ਹੀ ਦੀ ਲੜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਹੀ ਸੀਮਤ ਹੈ ਤੇ ਦਸਮ ਪਾਤਸ਼ਾਹ ਦੁਆਰਾ ਸੀ ਗੁਰੂ ਗ੍ਰੰਥ

www.AKJ.org

ਸਾਹਿਬ ਨੂੰ ਦਿਤੀ ਗਈ ਜੁਗੋ-ਜੁਗ ਅਟੱਲ ਪਦਵੀ ਵੀ ਇਕ ਇਤਿਹਾਸਕ ਸੱਚ ਹੈ।''

ਨਿਰਮਾਣ ਜੀ ਦੀ ਪੂਰੀ ਚਿੱਠੀ ''ਸਿੰਘ ਸਭਾ ਪਤ੍ਰਿਕਾ'' ਵਿਚ ਹੇਠ ਲਿਖੇ ਅਨੁਸਾਰ ਦਿਤੀ ਗਈ ਹੈ--

ਸਿਖ ਗੁਰ-ਪੀੜ੍ਹੀ ਬਾਰੇ 'ਅਜੀਤ' ਦੇ ੨੨ ਜੁਲਾਈ ੧੯੭੮ ਦੇ ਐਡੀਟੋਰੀਅਲ ਦੇ ਹਵਾਲੇ ਸਹਿਤ ਮੈਂ ਹੇਠ ਲਿਖੇ ਨੁਕਤੇ ਆਪ ਜੀ ਦੇ ਧਿਆਨ ਵਿਚ ਲਿਆਉਣੇ ਜ਼ਰੂਰੀ ਸਮਝਦਾ ਹਾਂ ਜੀ :

੧. ਗੁਰ-ਪੀੜ੍ਹੀ ਬਾਰੇ ਆਪਣੇ ੧੯੬੭ ਦੇ ਵਿਚਾਰ ਮੈਂ ਡਾ: ਗੰਡਾ ਸਿੰਘ ਜੀ ਵਲੋਂ ਰੱਦ ਕੀਤੇ ਜਾਣ ਪਿਛੋਂ ਸੋਧ ਲਏ ਸਨ। ਉਨ੍ਹਾਂ ਸਬੰਧਿਤ ਚਿੱਠੀ ਨਿਜੀ ਤੇ ਗੁਪਤ ਸੀ, ਪਰ ਉਹ ਪਤਾ ਨਹੀਂ ਕਿਉਂ ਪ੍ਰਕਾਸ਼ਤ ਕਰ ਦਿਤੀ ਗਈ ਹੈ।

੨. ਹੁਣ ਮੇਰਾ ਯਕੀਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੀ ਗਈ ਗੁਰ-ਪੀੜ੍ਹੀ ਦੀ ਲੜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਹੈ, ਤੇ ਦਸਮ ਪਾਤਸ਼ਾਹ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿਤੀ ਗਈ ਜੁਗੋ ਜੁਗ ਅਟੱਲ ਪਦਵੀ ਵੀ ਇਕ ਇਤਿਹਾਸਕ ਸੱਚ ਹੈ।

੩. ਮੈਂ ਦਸ ਗੁਰੂ ਸਾਹਿਬਾਨ ਦੀ ਮਹਾਨ ਫ਼ਿਲਾਸਫ਼ੀ (ਸਿਖ ਧਰਮ) ਬਿਨਾਂ, ਕਿਸੇ ਵੀ ਹੋਰ ਧਰਮ ਜਾਂ ਮੱਤ-ਮਤਾਂਤਰ ਨੂੰ ਨਹੀਂ ਮੰਨਦਾ। ਮੈਂ ਸਿਖ ਧਰਮ ਦੀ ਕਿਸੇ ਵੀ ਸੰਪ੍ਰਦਾ ਨੂੰ ਪ੍ਰਮਾਣਿਕ ਸਿਖ-ਧਰਮ ਦਾ ਪ੍ਰਤੀਨਿਧ ਨਹੀਂ ਸਮਝਦਾ।

੪. ਮੈਂ ਆਪਣੇ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਵੀ ਹੋਰ ਧਾਰਮਕ ਵੇਦ-ਸ਼ਾਸਤਰ ਆਦਿ ਨੂੰ ਪ੍ਰਮਾਣਿਕ ਤੇ ਪੂਜਨੀਕ ਨਹੀਂ ਮੰਨਦਾ।

੫. ਮੈਂ ਸਿਖ ਰਹਿਤ ਮਰਯਾਦਾ (ਅੰਮ੍ਰਿਤ ਅਤੇ ਪੰਜ ਕਕਾਰ ਆਦਿ) ਦੀ ਮਹਾਨ ਫ਼ਿਲਾਸਫ਼ੀ ਦਾ ਧਾਰਨੀ ਹਾਂ ਅਤੇ ਇਨ੍ਹਾਂ ਮਰਯਾਦਾਂ ਉਤੇ ਪੂਰਾ ਉਤਰਨ ਲਈ ਹਮੇਸ਼ਾ ਅਰਦਾਸ ਕਰਦਾ ਹਾਂ।

੬. ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਮੇਰੇ ਮਾਨਸਕ ਜੀਵਨ ਦਾ ਅਧਾਰ ਹਨ ਤੇ ਮੇਰੇ ਦਿਲ ਦੀ ਹਰ ਧੜਕਣ ਤੋਂ ਇਨ੍ਹਾਂ ਦੀ ਆਵਾਜ਼ ਸੁਣੀ ਜਾ ਸਕਦੀ ਹੈ। ਪੰਜਾਬੀ ਸਭਿਅਤਾ ਅਤੇ ਸਾਹਿਤ ਵਾਸਤੇ ਆਪ ਜੀ ਦੀਆਂ ਘਾਲਨਾਵਾਂ ਮੇਰੇ ਲਈ ਪ੍ਰੇਰਨਾ ਦਾ ਸੋਮਾ ਹਨ। ਵਾਹਿਗੁਰੂ ਅਗੇ ਮੇਰੀ ਹਰ ਵੇਲੇ ਅਰਦਾਸ ਹੈ ਕਿ ਮੇਰਾ ਸੰਪੂਰਨ ਜੀਵਨ ਸਿਖਧਰਮ ਤੇ ਪੰਜਾਬੀ ਸਭਿਆਚਾਰ ਦੀ ਉਨਤੀ ਦੇ ਲੇਖੇ ਲਗ ਜਾਵੇ। ਇਸ ਵਿਗਿਆਨਕ ਤੇ ਅਮੀਰ ਦਾਰਸ਼ਨਿਕ ਸਭਿਆਚਾਰਕ ਵਿਰਸੇ (ਸਿਖ ਧਰਮ) ਨੂੰ ਛਡ ਕੇ ਮੈਨੂੰ ਕਿਤੇ ਬਾਹਰ ਭਟਕਣ ਦੀ ਲੋੜ ਨਹੀਂ ਰਹੀ।

ਪਿਆਰ ਤੇ ਨਿਮਰਤਾ ਸਹਿਤ,
ਸ: ਸਾਧੂ ਸਿੰਘ ਹਮਦਰਦ,
ਮੁਖ ਸੰਪਾਦਕ ਅਜੀਤ, ਜਲੰਧਰ

ਆਪ ਦਾ ਅਜ਼ੀਜ਼
(ਹਰਚਰਨ ਸਿੰਘ
ਨਿਰਮਾਣ)

## ਦਿਆਲਪੁਰ, ਕਰਤਾਰਪੁਰ ਤੇ ਇਲਾਕੇ ਦੇ ੩੯ ਪਿੰਡਾਂ ਵਿਚ ਕੀਰਤਨ

ਮਾਸਟਰ ਗੁਰਬਚਨ ਸਿੰਘ ਜੀ ਦਿਆਲਪੁਰ (ਕਪੂਰਥਲਾ) ਇਤਲਾਹ ਦਿੰਦੇ ਹਨ ਕਿ ਅਖੰਡ ਕੀਰਤਨੀ ਜੱਥਿਆਂ ਵਲੋਂ ਪਿੰਡ ਦਿਆਲਪੁਰ ਤੇ ਕਰਤਾਰਪੁਰ ਅਤੇ ਇਲਾਕੇ ਦੇ ਆਲੇ ਦੁਆਲੇ ਦੇ ੩੯ ਪਿੰਡਾਂ ਵਿਚ ਹੇਠ ਲਿਖੀਆਂ ਤਰੀਕਾਂ ਤੇ ਅਖੰਡ ਕੀਰਤਨ ਪ੍ਰੋਗਰਾਮ ਹੋ ਰਹੇ ਹਨ। ਸੰਗਤਾਂ ਪ੍ਰੋਗਰਾਮਾਂ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲ ਕਰਨ। ਰੋਜ਼ਾਨਾ ਸ਼ਾਮ ਨੂੰ੮ ਤੋਂ ੧੦॥ ਵਜੇ ਤਕ ਕੀਰਤਨ ਪ੍ਰੋਗਰਾਮ ਹੋਣਗੇ।

ਸਤੰਬਰ ੧–ਬਿਧੀਪੁਰ, ੨–ਸਰਾਏ ਖਾਸ, ੩–ਲਿਦੜਾਂ, ੪–ਐਮਾਂਕਾਜੀ, ੫–ਚੀਮਾਂ, ੬–ਕੁਦੋਵਾਲ, ੭–ਈਸਾਪੁਰ, ੮-੯–ਬਟਾਲਾ ਸਮਾਗਮ, ੧੦–ਤਲਵੰਡੀ, ੧੧–ਧੀਰ ਪੁਰ, ੧੨–ਮਨਾਰ ੧੩–ਹਮੀਰਾ, ੧੪–ਰਾਏਪੁਰ, ੧੫–ਰਾਮਗੜ੍ਹ; ੧੬–ਰਹੀਮਪੁਰ (ਰੈਣ ਸਬਾਈ), ੧੭–ਜਾਤੀਕੇ, ੧੮–ਟਾਹਲੀ ਸਾਹਿਬ, ੧੯–ਬਿਸਰਾਮਪੁਰ, ੨੦–ਪਤੜਕਲਾਂ, ੨੧–ਦਿਆਲਪੁਰ, ੨੨–ਗੁ: ਬਾਬਾ ਨਿਧਾਨ ਸਿੰਘ ਰੇਲਵੇ ਸਟੇਸ਼ਨ ਕਰਤਾਰਪੁਰ, ੨੩–ਕਪੂਰ (ਰੈਣ ਸਬਾਈ), ੨੪–ਬਲਾਂ, ੨੫–ਮੰਡਾਂ, ੨੬–ਦੁਗਰੀ, ੨੭–ਮੰਨਣਾਂ, ੧੮–ਗੁ: ਮਾਤਾ ਗੁਜਰੀ ਕਰਤਾਰਪੁਰ ਤੋਂ ਦੁਪਹਿਰੇ ਜਲੂਸ; ੨੯–ਗੁ: ਮਾਤਾ ਗੁਜਰੀ ਕਰਤਾਰਪੁਰ, ੩੦–ਖਹਿਰਾਮਾਝਾ।

ਅਕਤੂਬਰ ੧–ਗਿਲਾਂ, ੭–ਵਜ਼ੀਰ ਭੁਲਰ, ੧੪–ਭਾਈ ਹਰਭਜਨ ਸਿੰਘ ਸਰਾਏ ਦੇ ਗ੍ਰਹਿ ਪਿੰਡ ਫਤਹ ਜਲਾਲ ਵਿਖੇ ਸਵੇਰੇ ੬ ਤੋਂ ੧੦ ਤਕ ਅਖੰਡ ਕੀਰਤਨ। ੨੧–ਦਿਆਲਪੁਰ ਵਿਖੇ ਨੌਂ ਅਖੰਡ ਪਾਠਾਂ ਤੋਂ ਉਪਰੰਤ ਅੰਮ੍ਰਿਤ ਸੰਚਾਰ ਅਤੇ ਰੈਣ ਸਬਾਈ ਕੀਰਤਨ। ਦਾਸਰੇ–ਇਲਾਕਾ ਦਿਆਲਪੁਰ ਤੇ ਕਰਤਾਰਪੁਰ



www.AKJ.Org

# ਸ਼ਹੀਦੀ ਫ਼ੰਡ ਦੇ ਹਿਸਾਬ ਕਿਤਾਬ ਦਾ ਚਿੱਠਾ

(ਸ਼ਹੀਦੀ ਫੰਡ ਦਾ ਪਿਛਲਾ ਹਿਸਾਬ ਅਗਸਤ ਦੇ 'ਸੂਰਾ' ਪਤਰ ਵਿਚ ਦਿੱਤਾ ਗਿਆ ਹੈ । ਉਸ ਤੋਂ ਅਗੇ ਹੇਠਾਂ ਦਰਜ ਹੈ ।

ਭੁਲ ਦੀ ਸੋਧ—ਅਗਸਤ ਦੇ 'ਸੂਰਾ' ਵਿਚ ਪੰਨਾ ੪੫ ਕਾਲਮ ੨ ਵਿਚ ੩੦੧ ਰੁਪਏ ਦੀ ਰਕਮ ਸ: ਸੁਖਦੇਵ ਸਿੰਘ ਜੀ ਕੈਨੇਡਾ ਵਲੋਂ ੪੦ ਡਾਲਰ ਦੇ ਬਦਲੇ ਦਰਜ ਕੀਤੀ ਗਈ ਸੀ, ਪਰ ਉਹ ਡਾਲਰ ਹੁਣੇ ੨੭੬।੪੯ ਲਈ ਕੈਸ਼ ਹੋਏ ਹਨ । ਇਸ ਰਕਮ ਵਿਚੋਂ ਵੀ ਅਧੀ ਰਕਮ ਸ੍ਰੀ ਦਰਬਾਰ ਸਾਹਿਬ ਭੇਜਣੀ ਸੀ, ਬਾਕੀ ਅੱਧੀ ਰਕਮ ੧੩੮-੨੫ ਪੈਸੇ ਹੁਣ ਦੇ ਚਿਠੇ ਵਿਚ ਸ: ਸੁਖਦੇਵ ਸਿੰਘ ਜੀ ਦੀ ਪੁਜੀ ਦਰਜ ਕੀਤੀ ਗਈ ਹੈ । ਉਹ ੩੦੧ ਦੀ ਰਕਮ ਸਿਧੀ ਬੈਂਕ ਨੂੰ ਹੇਠ ਲਿਖੇ ਦੋ ਗੁਰਸਿਖਾਂ ਵਲੋਂ ਭੇਜੀ ਹੋਈ ਹਿਸਾਬ ਵਿਚ ਜਮ੍ਹਾ ਹੋਈ ਸੀ—

| | |
|---|---|
| ੧. ਬੀਬੀ ਅੰਮ੍ਰਿਤ ਕੌਰ ਖਾਲਸਾ ਸੁਪਤਨੀ ਸ: ਪਰਤਾਪ ਸਿੰਘ ਜੀ, ਕੰਕਰ ਖੇੜਾ, ਮੇਰਠ | ੨੦੦-੦ |
| ੨. ਸ: ਮਲਕੀਅਤ ਸਿੰਘ ਜੀ C/o ਪੰਜਾਬ ਐਂਡ ਸਿੰਧ ਬੈਂਕ, ਓਲਡ ਕੋਰਟ ਰੋਡ, ਕਲਕਤਾ | ੧੦੧-੦ |

## ਆਮਦਨ

| | |
|---|---|
| ਸ: ਮਹਿੰਦਰ ਸਿੰਘ ਜੀ ਆਗਰਾ | ੧੦੧-੦ |
| ਗਿ: ਹਰੀ ਸਿੰਘ ਸ਼ਹੀਦ ਦੇ ਭੁਜੰਗੀ ਵਲੋਂ ਵਾਪਸ | ੨੦੬-੦ |
| ਸ: ਪ੍ਰਭੂ ਕਿਰਪਾਲ ਸਿੰਘ ਜੀ ਕਾਨਪੁਰ | ੫੦-੦ |
| ਸ: ਕੇਹਰ ਸਿੰਘ ਜੀ ਕਾਨਪੁਰ | ੧੦੦-੦ |
| ਬੀਬੀ ਸਤਵੰਤ ਕੌਰ ਜੀ ਕਾਨਪੁਰ | ੧੦੦-੦ |
| ਭਾਈ ਦਰਸ਼ਨ ਸਿੰਘ ਜੀ ਓਵਰਸੀਅਰ | ੫੦-੦ |
| ਸ: ਕੁਲਵਿੰਦਰ ਸਿੰਘ ਜੀ ਨਵੀਂ ਦਿਲੀ | ੧੦੦-੦ |
| ਭਾਈ ਮੁਹਕਮ ਸਿੰਘ ਜੀ ਵੀਰ ਪਰਵਾਰ | ੨੧੫-੦ |
| ਭਾਈ ਜਸਬੀਰ ਸਿੰਘ ਜੀ ਹੁਸ਼ਿਆਰਪੁਰ | ੫੧-੦ |
| ਪ੍ਰੋ: ਕੁਲਵੰਤ ਸਿੰਘ ਜੀ, ਅੰਮ੍ਰਿਤਸਰ | ੫੦-੦ |
| ਬੀਬੀ ਸਤਵੰਤ ਕੌਰ ਜੀ, ਜਲੰਧਰ | ੧੦੦-੦ |
| c/o ਸੂਬੇਦਾਰ ਜਗਜੀਤ ਸਿੰਘ ਜੀ | ੫੦-੦ |
| B.R. Oberoi, ਜਮਨਾ ਨਗਰ | ੫੧-੦ |
| ਸਿੰਘ ਸੁਸਾਇਟੀ, Colgary Alberta | ੩੫੭੬-੦ |
| ਡਾਕਟਰ ਧਰਮ ਸਿੰਘ ਜੀ ਨਾਹਨ | ੫੦-੦ |
| ਇਕ ਬੀਬੀ ਜੀ (M. O.) | ੫੦-੦ |
| ਭਾਈ ਨਰਿੰਦਰ ਸਿੰਘ ਪ੍ਰੇਮੀ ਜੀ | ੨੫-੦ |
| ਗੁਰੂ ਕੀ ਗੋਲਕ ੯੪੮L/T੩Sec I, ਤਲਵਾੜਾ | ੨੦੦-੦ |
| ਭਾਈ ਅਮਰਪਾਲ ਸਿੰਘ ਜੀ ਸਾਊਥਹਾਲ ਯੂ.ਕੇ | ੧੦੦-੦ |
| ਅਖੰਡ ਕੀਰਤਨੀ ਜਥਾ ਭੋਪਾਲ | ੧੨੫-੦ |
| Cpl, ਪ੍ਰੀਤਮ ਸਿੰਘ ਜੀ ਨੌਰੰਗਵਾਲ, ਕਲਕਤਾ | ੧੦੧-੦ |
| Cpl. ਸੁਰਿੰਦਰ ਸਿੰਘ ਜੀ, ੫੬ APO | ੩੦-੦ |
| ਭਾਈ ਨਰਿੰਦਰ ਸਿੰਘ ਜੀ, ਪੁਰ ਕਾਜ਼ੀ | ੫੧-੦ |
| ਭਾਈ ਵਰਿੰਦਰ ਸਿੰਘ ਜੀ ਪਾਰੋਵਾਲ | ੧੦੦-੦ |
| ਭਾਈ ਹਰਬੀਰ ਸਿੰਘ ਜੀ, ਅੰਮ੍ਰਿਤਸਰ | ੧੦੦-੦ |
| ਇਕ ਸਿੰਘ ਜੀ ਪਾਰੋਵਾਲ | ੧੦੦-੦ |
| ਇਕ ਸਿੰਘ ਜੀ ਤਰਨਤਾਰਨ | ੫੧-੦ |
| ਸ: ਇੰਦਰ ਸਿੰਘ ਜੀ, ਅੰਮ੍ਰਿਤਸਰ | ੨੫-੦ |
| ਸ: ਜਗਜੀਤ ਸਿੰਘ ਜੀ ਮੁਰੀਦਵਾਲ | ੫੧-੦ |
| Lac. Multani K.S. ਬੰਗਲੌਰ | ੫੦-੦ |
| ਅਖੰਡ ਕੀਰਤਨੀ ਜੱਥਾ, ਗੋਰਖਪੁਰ | ੨੫੦-੦ |
| ਸ: ਸੁਖਦੇਵ ਸਿੰਘ ਜੀ ਬਰਾੜ, ਕੈਨੇਡਾ | ੧੩੮-੨੫ |
| ਮਾ: ਅਰਜਨ ਸਿੰਘ ਜੀ, ਹਸਨਪੁਰ (ਲੁਧਿਆਣਾ) | ੨੦੧-੨੫ |
| ਸੰਗਤ ਡੱਗੋ ਰੋਮਾਣਾ ਫਰੀਦਕੋਟ | ੧੦੦-੦ |
| ਸੰਗਤ ਹਮੀਰ ਗੜ੍ਹ ਬਠਿੰਡਾ | ੧੦੦-੦ |
| ਸਟਾਫ ਸਰਕਾਰੀ ਹਾਈ ਸਕੂਲ ਜਲਾਲ (ਬਠਿੰਡਾ) | ੧੦੦-੦ |
| ਸ: ਤ੍ਰਿਲੋਚਨਸਿੰਘ ਤੇਜਿੰਦਰਜੀਤ ਸਿੰਘ ਸੋਨੀਪਤ | ੬੦੦-੦ |
| ਸ੍ਰੀਮਤੀ ਸਕੁੰਤਲਾਵੰਤੀ ਹਰਜਿੰਦਰ ਕੌਰ ਕਰਨਾਲ | ੫੫੧-੦ |
| ਇਕ ਗੁਰਮੁਖ ਜੀ ਚੰਡੀਗੜ੍ਹ | ੧੦੧-੦ |
| ਗੁਪਤ C/o ਭਾਟੀਆ ਸਟੋਰਜ਼, ਡਿਗਵਦੀ ਬਾਜ਼ਾਰ. ਜੀਰੂਲਗੋਰਾ (ਧਨਬਾਦ) | ੨੬੦੦-੦ |
| ਭਾਈ ਤੇਜਿੰਦਰ ਸਿੰਘ ਜੀ ਬੱਗਾ, ਹੈਦਰਾਬਾਦ | ੫੧-੦ |
| ਬੀਬੀ ਊਧਮ ਕੌਰ ਜੀ ਨਵੀਂ ਦਿਲੀ | ੦੦-੦ |
| ਪੰਝੀ ਰੁਪਏ ਤੋਂ ਘਟ ਰਕਮਾਂ | ੬੨-੦ |
| ਜੋੜ | ੧੧੩੬੩-੫੦ |
| ਪਿਛਲੀ ਬਾਕੀ | ੭੯੮੧-੨੦ |
| ਕੁਲ ਜੋੜ | ੧੯੩੪੪ ੭੦ |

## ਖ਼ਰਚ

| | |
|---|---|
| ਸ਼ਹੀਦੀ ਫੰਡ ਲਈ ਮੋਹਰ | ੨-੫੦ |
| ਲੁਧਿਆਣਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪ੍ਰੋਗਰਾਮ ਤੇ ਖਰਚ ਆਣ ਜਾਣ | ੧੨-੦ |
| ਸ਼ਹੀਦ ਗੁਰਦਿਆਲ ਸਿੰਘ ਜੀ ਮੋਦੇ ਦੀ ਸਿੰਘਣੀ ਨੂੰ | ੧੫੦੦-੦ |
| ਪੰਜ ਸਿੰਘਾਂ ਦਾ ਮੋਦੇ ਦਾ ਖਰਚ | ੨੭-੭੦ |
| ਭਾ: ਅਮਰ ਸਿੰਘ ਜੀ ਫਟੜ ਅੰਮ੍ਰਿਤਸਰ ਨੂੰ | ੨੫੦-੦ |
| ਸ਼ਹੀਦ ਅਮ੍ਰੀਕ ਸਿੰਘ ਜੀ ਖੁਜਾਲਾ ਦੀ ਮਾਤਾ ਨੂੰ | ੧੫੦੦-੦ |
| ਦੋ ਸਿੰਘਾਂ ਦਾ ਖੁਜਾਲੇ ਦਾ ਖਰਚ | ੬-੦ |
| ਸ਼ਹੀਦੀ ਫੰਡ ਬਾਰੇ ਪਰਦੇਸੀ ਚਿਠੀਆਂ ਦਾ ਉਤਰ | ੧੩-੪੦ |
| ਭਾਂ: ਕਸ਼ਮੀਰਾ ਸਿੰਘ ਜ਼ੀ ਫਟੜ ਨੂੰ | ੨੫੦-੦ |
| | ੩੫੬੧ ੬੦ |

| | |
|---|---|
| ਆਮਦਨ | ੧੯੩੪੪-੭੦ |
| ਖ਼ਰਚ | ੩੫੬੧-੬੦ |
| ਬਾਕੀ | ੧੫੭੮੩-੧੦ |

ਹੋਰ ਰਕਮਾਂ ਜੋ ਅਜੇ ਕੈਸ਼ ਨਹੀਂ ਹੋਈਆਂ —

| | |
|---|---|
| ਅਖੰਡ ਕੀਰਤਨੀ ਜੱਥਾ ਯੂ. ਕੇ. ਬਰਮਿੰਘਮ | ਪੌਂਡ ੧੪੦੦ |
| ਅਖੰਡ ਕੀਰਤਨੀ ਜੱਥਾ ਡਰਬੀ ਯੂ. ਕੇ. | ਪੌਂਡ ੨੦ |
| ਸ੍ਰੀਮਤੀ ਸਤਵੰਤ ਕੌਰ ਜੀ ਯੂ. ਕੇ. | ਪੌਂਡ ੫੦ |
| ਅਖੰਡ ਕੀਰਤਨੀ ਜੱਥਾ ਗਰੇਵਜ਼ੈਂਡ ਯੂ. ਕੇ, | ਪੌਂਡ ੩੦ |
| ਬੱਚੀ ਪਰਮਜੀਤ ਕੌਰ ਚੈਟਹਮ ਯੂ. ਕੇ., ੧੨ ਸਾਲ ਦੀ ਉਮਰ ਵਿਚ ਕਿਰਤ ਕਰਕੇ ਸ਼ਹੀਦਾਂ ਨਮਿਤ | ਪੌਂਡ ੫ |
| ਮੇਜਰ ਨਰਿੰਦਹ ਸਿੰਘ ਜੀ ਮੇਰਠ | ਰੁਪਏ ੨੦੦ |

ਛੇਤੀ ਹੀ ਸ਼ਹੀਦੀ ਪਰਵਾਰਾਂ ਤੇ ਸਮੂਚੇ ਫਟੜਾਂ ਨੂੰ ਸਹਾਇਤਾ ਦੇ ਕੇ ਆਉਂਦੇ ਪਰਚੇ ਵਿਚ ਵੇਰਵਾ ਦਿਤਾ ਜਾਏਗਾ ।

ਦਾਸਰਾ—ਰਾਮ ਸਿੰਘ (ਜੱਥੇਦਾਰ) ਅਖੰਡ ਕੀਰਤਨੀ ਜੱਥਾ
(ਕੇਂਦਰੀ ਦਫਤਰ ਅੰਮ੍ਰਿਤਸਰ) ਮਿਤੀ ੨੩-੮-੭੮

www.AKJ.Org

## ਕੁਰਾਲੀ ਵਿਖੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਸਮਾਗਮ

ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਦੀ ਯਾਦ ਕੁਰਾਲੀ ਅਤੇ ਇਲਾਕੇ ਦੀਆਂ ਸੰਗਤਾਂ ਵਲੋਂ ਮਨਾਈ ਜਾ ਰਹੀ ਹੈ। ੧੬ ਸਤੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ, ਸਬਜੀ ਮੰਡੀ ਵਿਖੇ ੮॥ ਵਜੇ ਆਰੰਭ ਹੋਣਗੇ ਅਤੇ ਐਤਵਾਰ ਸਵੇਰੇ ੭॥ ਵਜੇ ਭੋਗ ਪੈਣਗੇ। ਸਮੂਹ ਸੰਗਤਾਂ ਸ਼ਾਮਲ ਹੋਣ ਦੀ ਕਿਰਪਾਲਤਾ ਕਰਨ।

ਦਰਸ਼ਨ ਅਭਿਲਾਖੀ—ਭਾਈ ਸਾਹਿਬ ਰਣਧੀਰ ਸਿੰਘ ਜੀ ਸ਼ਤਾਬਦੀ ਕਮੇਟੀ ਕੁਰਾਲੀ (ਰੋਪੜ)

## ਯਮਨਾ ਨਗਰ ਵਿਚ ਸ਼ਹੀਦਾਂ ਨਮਿਤ ਅਖੰਡ ਕੀਰਤਨ ਪ੍ਰੋਗਰਾਮ

ਅਖੰਡ ਕੀਰਤਨੀ ਜੱਥਿਆ ਵਲੋਂ ਯਮਨਾ ਨਗਰ ਜਗਾਧਰੀ ਵਿਚ ਸਾਲਾਨਾ ਕੀਰਤਨ ਪ੍ਰੋਗਰਾਮ ਐਤਕੀ ਸ਼ਹੀਦਾਂ ਦੀ ਯਾਦ ਵਿਚ ਹੇਠ ਲਿਖੇ ਅਨੁਸਾਰ ਸ਼ੁਕਰਵਾਰ ਸ਼ਾਮ ੧੫ ਤੋਂ ੧੭ ਸਤੰਬਰ ਐਤਵਾਰ ਸਵੇਰ ਤਕ ਹੋਣਗੇ।

੧੫ ਸਤੰਬਰ ਸ਼ਾਮ ੭ ਤੋਂ ੧੦ ਚੌਕੀ ਸੋਦਰ ਤੇ ਅਖੰਡ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਜਗਾਧਰੀ ਵਿਖੇ
੧੬ ,, ਸਵੇਰੇ ੫॥ ਤੋਂ ਦੁਪਹਿਰ ਆਸਾ ਦੀ ਵਾਰ ਤੇ ਅਖੰਡ ਕੀਰਤਨ, ਸ੍ਰੀ ਗੁਰੂ ਸਿੰਘ ਮਾਡਲ ਕਾਲੋਨੀ
ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ ਆਰੰਭ ਗੁਰਦਵਾਰਾ ਸੰਤਪੁਰਾ ਵਿਖੇ
੭ ਵਜੇ ਰੈਣ ਸਬਾਈ ਕੀਰਤਨ ਅਰੰਭ, ਐਤਵਾਰ ਸਵੇਰੇ ਭੋਗ ਗੁ: ਸੰਤਪੁਰਾ ਵਿਖੇ

ਪੁਛਗਿੱਛ—ਸਤਵੰਤ ਸਿੰਘ ਖਾਲਸਾ, ੪੧੨ ਮਾਡਲ ਕਾਲੋਨੀ, ਯਮੁਨਾ ਨਗਰ (ਅੰਬਾਲਾ)

## ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਕੀਰਤਨ ਸਮਾਗਮ

ਇੰਗਲੈਂਡ ਨਿਵਾਸੀ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਹੇਠ ਲਿਖੇ ਅਨੁਸਾਰ ਕੀਰਤਨ ਪ੍ਰੋਗਰਾਮ ਤੇ ਅਖੰਡਪਾਠ ਪ੍ਰੋਗਰਾਮ ਹੋ ਰਹੇ ਹਨ। ਜੱਥੇ ਦੇ ਸਮੂਹ ਵੀਰਾਂ-ਭੈਣਾਂ ਅਤੇ ਸੰਗਤਾਂ ਸਮੇਂ ਸਿਰ ਨੀਯਤ ਪ੍ਰੋਗਰਾਮ ਅਨੁਸਾਰ ਦਰਸ਼ਨ ਦੇ ਕੇ ਲਾਹੇ ਪ੍ਰਾਪਤ ਕਰੋ ਜੀ।

੩-੯-੭੮ ਐਤਵਾਰ ਸ੍ਰੀ ਅਖੰਡ ਪਾਠ ਦੇ ਭੋਗ ਤੇ ਅਖੰਡ ਕੀਰਤਨ, ਡਾ: ਦਲਜੀਤ ਸਿੰਘ ਜੀ ਵਿਰਕ, ੯੩ ਕਿਰਵਿਕਸ ਲੇਨ, ਸਪਾਰਕ ਬਰੁਕ, ਬਰਮਿੰਘਮ-੧੧

੯-੯-੭੮ ਸ਼ਨੀਵਾਰ ਰੈਣ ਸਬਾਈ ਕੀਰਤਨ, ਗੁਰਦਵਾਰਾ ਸਿੰਘ ਸਭਾ, ੧੨੮-੧੩੦ ਨਾਰਥੰਬਰ ਲੈਂਡ ਰੋਡ, ਸਊਥੰਪਟਨ, ਫੋਨ ੦੭੦੩-੨੨੦੧੬

੧੭-੯-੭੮ ਐਤਵਾਰ ਸ੍ਰੀ ਅਖੰਡਪਾਠ ਦੇ ਭੋਗ ਤੇ ਅਖੰਡ ਕੀਰਤਨ, ਸ: ਮਦਨ ਸਿੰਘ ਜੀ ਕਿਰਪਾਲ, ੧੧-ਅਪਾਲੋ-ਵੇ, ਪੈਰੀ ਬਾਰ, ਬਰਮਿੰਘਮ-੨੦, ਫੋਨ ੦੨੧-੩੫੬-੭੦੭੦

੧੯ ਤੋਂ ੨੫ ਸਤੰਬਰ ਅਖੰਡ ਕੀਰਤਨ ਤੇ ਹਾਲੈਂਡ ਦਾ ਟੂਰ; ਸ੍ਰੀ ਗੁਰੂ ਰਾਮਦਾਸ ਆਸ਼ਰਮ, ੪੬-ਡੋਨ-ਟੇਕਸਟ੍ਰਾਟ, ੭ ਐਮਸਟ੍ਰਡਨ, ਨੇਦਰਲੈਂਡ (ਹਾਲੈਂਡ) ਪੁੱਛ ਗਿੱਛ—ਸਤਿ ਕਰਤਾਰ ਕੌਰ।

੩੦-੯-੭੮ ਸ਼ਨੀਵਾਰ ਰੈਣ ਸਬਾਈ ਕੀਰਤਨ ੮ ਵਜੇ ਸ਼ਾਮ, ਗੁਰੂ ਨਾਨਕ ਸਿਖ ਟੈਂਪਲ, ਵੈਸਟ ਬ੍ਰਹਮਵਿਚ ਸਟਰੀਟ, ਵਾਲਸਾਲ (ਵੈਸਟ ਮਿਡਲੈਂਡ)

ਦਾਸਰੇ—ਬੰਤਾ ਸਿੰਘ ਜਨਰਲ ਸੈਕਟਰੀ, ੧੨-ਹਰਟਿੰਗਟਨ ਰੋਡ, ਲੋਜ਼ਲਜ਼ ਬਰਮਿੰਘਮ-੧੯
ਫ਼ੋਨ ੦੨੧-੫੫੪-੭੨੮੦

## ਮਾਸਕ ਰੈਣ ਸਬਾਈ ਅਖੰਡ ਕੀਰਤਨ ਮੋਹਨਪੁਰ ਲੁਧਿਆਣਾ

ਸਰਬੱਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸੂਬੇਦਾਰ ਬਲਦੇਵ ਸਿੰਘ ਜੀ ਦੇ ਗ੍ਰਹਿ ਮੋਹਨਪੁਰ ਜ਼ਿਲਾ ਲੁਧਿਆਣਾ ਵਿਖੇ ਸ਼ਨੀਵਾਰ ੯ ਸਤੰਬਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦੀਦਾਰ ਬਖਸ਼ੋ ਤੇ ਲਾਹੇ ਲੁੱਟੋ ਜੀ। ਪਿੰਡ ਮੋਹਨਪੁਰ ਜੀ. ਟੀ. ਰੋਡ ਤੇ ਖੰਨੇ ਤੋਂ ਲੁਧਿਆਣੇ ਵਲ ਚਾਰ ਕਿਲੋ ਮੀਟਰ ਤੇ ਹੈ।

ਪੁੱਛ ਗਿੱਛ—ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, P.O. ਲੌਹਟਵਦੀ (ਸੰਗਰੂਰ)

## ਮਾਨਯੋਗ ਮਾਸਟਰ ਸੁੰਦਰ ਸਿੰਘ ਜੀ ਦੀ ਸਾਲਾਨਾ ਯਾਦ

ਗੁਰਮੁਖ ਪਿਆਰੇ ਮਾਸਟਰ ਸੁੰਦਰ ਸਿੰਘ ਜੀ ਜਲੰਧਰ ਵਾਲਿਆਂ ਦੀ ਸਾਲਾਨਾ ਯਾਦ ਵਿਚ ਉਹਨਾਂ ਦੇ ਸਪੁਤਰ **ਸ: ਮਨਮੋਹਨ ਸਿੰਘ ਜੀ ਦੇ ਗ੍ਰਹਿ ੪੧/C ਬਾਬਾ ਖੜਕ ਸਿੰਘ ਮਾਰਗ ਨਵੀਂ ਦਿਲੀ** ਵਿਖੇ ੨੪ ਸਤੰਬਰ ਐਤਵਾਰ ਸਵੇਰੇ ਪੰਜ ਵਜੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ। ਉਪਰੰਤ ੧੧ ਵਜੇ ਤਕ ਆਸਾ ਦੀ ਵਾਰ ਦੇ ਕਰੀਤਨ ਹੋਣਗੇ। ਸਮੂਹ ਵੀਰ ਭੈਣਾਂ ਸਾਰੇ ਸਮਾਗਮ ਤੇ ਅਰਦਾਸ ਵਿਚ ਸ਼ਾਮਲ ਹੋ ਕੇ ਧੰਨਵਾਦੀ ਬਣਾਉ ਜੀ।

ਪ੍ਰਾਰਥਕ—ਅਖੰਡ ਕੀਰਤਨੀ ਜੱਥਾ, ਦਿਲੀ

**ਸੱਜਣ ਮਿੱਤਰ ਨੋਟ ਕਰਨ** ਕਿ ਸਾਰਜੈਂਟ ਹਰਭਜਨ ਸਿੰਘ ਜੀ ਦਿਲੀ ਵਾਲੇ ਮਦਰਾਸ, ਬੰਗਲੌਰ, ਪੂਨਾ, ਆਗਰਾ, ਕਾਨਪੁਰ, ਬੜੋਦਾ, ਚੰਡੀਗੜ੍ਹ ਤੇ ਪਠਾਨਕੋਟ ਵਿਖੇ ਏਅਰ ਫੋਰਸ ਵਿਚ ਸਰਵਿਸ ਕਰਨ ਪਿਛੋਂ ਅਜ ਕਲ ਅਫਰੀਕਾ ਹਨ। ਉਹਨਾਂ ਦਾ ਪਤਾ ਇਹ ਹੈ—ਸ: ਹਰਭਜਨ ਸਿੰਘ ਜੀ ਹੈਡ ਮਾਸਟਰ, ਖਾ: ਹਾਇਰ ਸਕੈਂਡਰੀ ਸਕੂਲ, P. O. Box 1185, Nakuru (Kenya) E. Africa.

www.AKJ.Org

## An Appreciation

The heinous messacre of 13 devoted Khalsas on the 13th April, 1978 near Gobindgarh Fort at Amritsar at the hands of pseudo Nirankaris—the slanderers of Sri Guru Gobind Singh Sahib and Sri Guru Granth Sahib—has been instrumental to bring to light the love for Sikhism & for the Khalsa fraternity of our American Khalsa brothers and sisters. The Sincerity with which they expressed their sympathy with the families of Shaheed Singhs and the spirit in which they have all lined up to act on the Hukamnama, has touched us all deeply. I bow my head to their sence of devotion and response to Khalsa Commandments.

We understand their craving for knowledge of Sikh Dharma. In fact, if I may be permitted to say, I would like to add that understanding the spirit of Sikh Religion by the Khalsa in America excells by far that of their counterpart in India. If the progress of the spread of Sikh Dharma continues in that land with the same zeal as today. one can say for sure that before long the East would look to the West for lead in practical Sikh life.

If our Khalsa brothers and sisters from the West have an opportunity of attending Kirtan rallies of 'Akhand Kirtani Jatha' which usually takes place during the months of October, November, December and April at Delhi, Jullundur, Ludhiana and Amritsar respectively, specific information for which can be provided on request, I am confident that they would be the wiser for it will benefit a lot from it, towards their spiritual uplift.

With this sense of appreciation I communicate with love. Waheguru ji ka Khalsa, Waheguru ji ki Fateh, to the entire American Sadh Sangat.

Humble sewadar of the Khalsa
Ram Singh

## ਪਰਸੰਸਾ

ਨਕਲੀ ਨਿਰੰਕਾਰੀਆਂ ਹੱਥੋਂ 13 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਖੇ 13 ਸਿਦਕੀ ਸਿੰਘਾਂ ਦੇ ਸ਼ਹੀਦ ਕੀਤੇ ਜਾਣ ਉਤੇ ਸਾਡੇ ਅਮ੍ਰੀਕਨ ਵੀਰਾਂ ਨੇ ਇਸ ਦੁਖਦਾਈ ਘਟਨਾ ਸਬੰਧੀ ਦੁਖ, ਅਤੇ ਸ਼ਹੀਦ ਸਿੰਘਾਂ ਦੇ ਪਰਵਾਰਾਂ ਪ੍ਰਤੀ ਜਿਸ ਤਰ੍ਹਾਂ ਆਪਣੇ ਪਿਆਰ-ਵਲਵਲੇ ਪਰਗਟ ਕੀਤੇ, ਉਸ ਨਾਲ ਉਨ੍ਹਾਂ ਦਾ ਸਿੱਖ ਧਰਮ ਅਤੇ ਗੁਰਸਿਖ ਵੀਰਾਂ ਪ੍ਰਤੀ ਪਿਆਰ ਦਾ ਜਜ਼ਬਾ ਨਿਖਰ ਕੇ ਸਾਹਮਣੇ ਆਇਆ ਹੈ। ਜਿਸ ਸਿਦਕ-ਦਿਲੀ ਨਾਲ ਉਹਨਾਂ ਨੇ ਸ਼ਹੀਦ ਪਰਵਾਰਾਂ ਨਾਲ ਪਿਆਰ-ਸਾਂਝ ਪਰਗਟ ਕੀਤੀ ਹੈ ਅਤੇ ਜਿਸ ਭਾਵਨਾ ਨਾਲ ਉਹ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੋਏ ਹੁਕਮਨਾਮੇ ਦੀ ਪਾਲਣਾ ਕਰਨ ਲਈ ਤੱਤਪਰ ਹੋਏ ਹਨ, ਉਸ ਤੋਂ ਅਸੀਂ ਸਾਰੇ ਬਹੁਤ ਪ੍ਰਭਾਵਤ ਹੋਏ ਹਾਂ।

ਉਹਨਾਂ ਅੰਦਰ ਗੁਰਮਤਿ ਦੀ ਲਗਨ ਅਤੇ ਗੁਰਸਿਖੀ ਕਮਾਉਣ ਦੀ ਭਾਵਨਾ ਮੂਹਰੇ ਸਾਡਾ ਸਿਰ ਝੁਕਦਾ ਹੈ। ਅਸੀਂ ਜਾਣਦੇ ਹਾਂ ਕਿ ਸਿਖ ਧਰਮ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਉਹਨਾਂ ਅੰਦਰ ਅਥਾਹ ਭੁੱਖ ਹੈ। ਮੈਂ ਇਹ ਕਹਿਣ ਦੀ ਆਗਿਆ ਚਾਹੁੰਦਾ ਹਾਂ ਅਤੇ ਕਹਿਣੋਂ ਸੰਕੋਚ ਨਹੀਂ ਕਰਦਾ ਕਿ ਸਿਖ ਧਰਮ ਦਾ ਤੱਤ-ਸਾਰ ਸਮਝਣ ਅਤੇ ਇਸ ਦੇ ਧਾਰਨੀ ਹੋਣ ਵਿਚ ਅਮ੍ਰੀਕਾ ਨਿਵਾਸੀ ਖ਼ਾਲਸਾ, ਭਾਰਤ ਵਿਚ ਵਸਦੀ ਸਿਖ ਜਨਤਾ ਤੋਂ ਅਗੇਰੇ ਹੈ। ਜੇ ਧਰਮ-ਪਰਚਾਰ ਦੀ ਲਹਿਰ ਪ੍ਰਦੇਸਾਂ ਵਿਚ ਏਸੇ ਉਤਸ਼ਾਹ ਨਾਲ ਜਾਰੀ ਰਹੀ ਤਾਂ ਯਕੀਨਨ ਥੋੜੇ ਸਮੇਂ ਮਗਰੋਂ ਹੀ ਸਿਖ ਧਰਮ ਨੂੰ ਅਮਲੀ ਤੌਰ ਤੇ ਸਮਝਣ ਅਤੇ ਧਾਰਨ ਕਰਨ ਲਈ ਪੱਛਮ, ਪੂਰਬ ਦੀ ਅਗਵਾਈ ਕਰੇਗਾ।

ਜੇ ਸਾਰੇ ਪੱਛਮ ਵਿਚ ਵਸਦੇ ਖ਼ਾਲਸਾ ਵੀਰਾਂ ਤੇ ਭੈਣਾਂ ਨੂੰ ਅਖੰਡ ਕੀਰਤਨੀ ਜੱਥੇ ਵਲੋਂ ਕੀਤੇ ਜਾ ਰਹੇ ਅਖੰਡ ਕੀਰਤਨ ਸਮਾਗਮਾਂ ਵਿਚ ਸ਼ਾਮਲ ਹੋਣ ਦਾ ਅਵਸਰ ਮਿਲ ਸਕੇ ਤਾਂ ਇਹ ਉਹਨਾਂ ਦੇ ਆਤਮਿਕ ਵਿਗਾਸ ਲਈ ਅਤੀਅੰਤ ਲਾਭਦਾਇਕ ਹੋਵੇਗਾ। ਇਹ ਅਖੰਡ ਕੀਰਤਨ ਸਮਾਗਮ ਅਕਤੂਬਰ, ਨਵੰਬਰ, ਦਸੰਬਰ ਅਤੇ ਅਪ੍ਰੈਲ ਵਿਚ ਦਿੱਲੀ, ਜਲੰਧਰ, ਲੁਧਿਆਣੇ ਅਤੇ ਅੰਮ੍ਰਿਤਸਰ ਵਿਚ ਹੁੰਦੇ ਹਨ ਤੇ ਇਹਨਾਂ ਬਾਰੇ ਸੂਚਨਾ ਇਛਾ ਪਰਗਟ ਕੀਤੇ ਜਾਣ ਤੇ ਦਿਤੀ ਜਾ ਸਕਦੀ ਹੈ।

ਇਹਨਾਂ ਸ਼ਬਦਾਂ ਦੁਆਰਾ ਸਿਖੀ ਭਾਵਨਾ ਦੀ ਪ੍ਰਸੰਸਾ ਪਰਗਟ ਕਰਦਾ ਹੋਇਆ ਦਾਸ ਸਰਬੱਤ ਅਮ੍ਰੀਕਨ ਸਾਧ ਸੰਗਤ ਦੀ ਸੇਵਾ ਵਿਚ "ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਿਹ" ਅਰਜ਼ ਕਰਦਾ ਹੈ।

ਖ਼ਾਲਸਾ ਜੀ ਦਾ ਸੇਵਕ—ਰਾਮ ਸਿੰਘ

www.AKJ.Org

# ਬਟਾਲਾ (ਗੁਰਦਾਸਪੁਰ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

## *ਵਿਆਹ ਪੁਰਬ ਵੀਰਵਾਰ ਸਵੇਰ 7 ਤੋਂ 10 ਸਤੰਬਰ 1978 ਸਵੇਰ ਤਕ*

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੇ ਸਬੰਧ ਵਿਚ ਬਟਾਲਾ ਵਿਖੇ ਸਾਲਾਨਾ ਕੀਰਤਨ ਸਮਾਗਮ ਹੋ ਰਹੇ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਦੂਰੋਂ ਨੇੜਿਉਂ ਪੁਜ ਰਹੇ ਹਨ। ਸਰਬੱਤ ਪਿਆਰੇ ਪੁਜ ਕੇ ਕੀਰਤਨ ਧੁਨਾਂ ਦੇ ਅਨੰਦ ਮਾਣੋ ਜੀ।

### –੦ ਪ੍ਰੋਗਰਾਮ ੦–

੭ ਸਤੰਬਰ ਸਵੇਰੇ ੪ ਤੋਂ ੭ ਕੀਰਤਨ ਅਤੇ ਅਰੰਭ ਸ੍ਰੀ ਅਖੰਡਪਾਠ ਸਕੂਲ ਦੇ ਹਾਲ ਵਿਖੇ।
੮ ਸਤੰਬਰ ਸਵੇਰੇ ੫ ਤੋਂ ੧੧ ਆਸਾ ਦੀ ਵਾਰ ਦਾ ਕੀਰਤਨ ਸਕੂਲ ਦੇ ਪੰਡਾਲ ਵਿਖੇ।
ਸ਼ਾਮ ੮ ਤੋਂ ੧੧ ਸੋਦਰ ਦੀ ਚੌਕੀ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ।
੯ ਸਤੰਬਰ ਸਵੇਰੇ ੫॥ ਤੋਂ ੧੨ ਭੋਗ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਸਕੂਲ ਦੇ ਪੰਡਾਲ ਵਿਖੇ।
ਸ਼ਾਮ ੪ ਵਜੇ ਅੰਮ੍ਰਿਤ-ਸੰਚਾਰ ਸਕੂਲ-ਹਾਲ ਵਿਖੇ।
ਰਾਤ ੮ ਵਜੇ ਅਰੰਭ ਰੈਣ ਸਬਾਈ, ਸਮਾਪਤੀ ੧੦ ਸਤੰਬਰ ਸਵੇਰੇ ੭ ਵਜੇ ਪੰਡਾਲ ਵਿਖੇ।

**ਕੀਰਤਨ-ਅਸਥਾਨ ਤੇ ਰਿਹਾਇਸ਼** ਗੁਰੂ ਨਾਨਕ ਖ਼ਾਲਸਾ ਹਾਇਰ ਸੈਕੰਡਰੀ ਸਕੂਲ, ਜੀ. ਟੀ. ਰੋਡ ਗੁਰੂ ਨਾਨਕ ਨਗਰ, ਬਟਾਲਾ। ਬਸ ਅਡੇ ਤੋਂ ਗੁਰਦਾਸਪੁਰ ਵਲ ਜਾਂਦਿਆਂ ਕੇਵਲ ਇਕ ਕਿਲੋ ਮੀਟਰ ਹੈ।

ਨੋਟ—ਵਿਆਹ ਪੁਰਬ ਸਮਾਗਮ ਤੇ ਵਧ ਤੋਂ ਵਧ ਜੋੜੇ ਅਨੰਦ ਕਾਰਜਾਂ ਲਈ ਪੁਜਣ।

**ਦਰਸ਼ਨ ਅਭਿਲਾਖੀ–ਅਖੰਡ ਕੀਰਤਨੀ ਜੱਥਾ, ਜ਼ਿਲਾ ਗੁਰਦਾਸਪੁਰ**

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਕੀ ਗੁਰੂ ਗ੍ਰੰਥ ਸਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ੩-੦੦
ਅਣਡਿਠੀ ਦੁਨੀਆ ੬-੨੫
ਰੰਗਲੇ ਸਜਣ ੪-੦੦
ਜੇਲ੍ਹ ਚਿੱਠੀਆਂ (ਮੁਕੰਮਲ) ਛਪ ਰਹੀ
ਨਾਮ ਤੇ ਨਾਮ ਦਾ ਦਾਤਾ ਸਤਿਗੁਰੂ ਛਪ ਰਹੀ
ਸਚਖੰਡ ਦਰਸ਼ਨ ੧-੫੦
ਚਰਨ ਕਮਲ ਕੀ ਮਉਜ ੦-੭੫
ਅੰਮ੍ਰਿਤ ਕੀ ਹੈ ੨-੦੦
**ਛਪਣ ਵਾਲੀਆਂ**—ਅਨਹਦ ਸ਼ਬਦ ਦਸਮ ਦੁਆਰ
ਗੁਰਬਾਣੀ ਲਗਾਂ ਮਾਤਰਾਂ ਦੀ ਵਿਲੱਖਣਤਾ

**ਟ੍ਰੈਕਟ**—ਸਿਖ ਕੌਣ ਹੈ ੦-੩੦
ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ੦-੩੫
ਬਾਬਾ ਵੈਦ ਰੋਗੀਆਂ ਦਾ ੦-੩੦
ਤਿਮਰ ਅਗਿਆਨ ਤੋਂ ਉਜਿਆਰਾ ੦-੨੫
ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ੦-੨੫
ਗੁਰੂ ਮੇਰੇ ਸੰਗਿ ਸਦਾ ਹੈ ਨਾਲੇ ੦-੨੫
ਕੋ ਵਿਰਲਾ ਗੁਰਮਤਿ ਚਲੈ ਜੀਉ
ਅਕਾਲ ਪੁਰਖ ਦੇ ਪਰਤੱਖ ਦਰਸ਼ਨ
ਹਉਮੈ ਨਾਵੈ ਨਾਲਿ ਵਿਰੋਧ ਹੈ
ਜੀਵਨ ਚਰਿਤਰ ਭਾ: ਸਾਹਿਬ ਰਣਧੀਰ ਸਿੰਘ ਜੀ ੧-੦੦
ਸ਼ੰਕਿਆਂ ਤੇ ਉਟੰਕਣਾਂ ਦੇ ਉਤਰ
ਨਾਮ ਸਬੰਧੀ ਵਿਚਾਰ
ਆਸਤਕ ਨਾਸਤਕ

ਗੁਰਮਤਿ ਨਾਮ ਅਭਿਆਸ ਕਮਾਈ ੬-੫੦
ਗੁਰਮਤਿ ਸੱਚ ਨਿਰਣੈ ੬-੦੦
ਗੁਰਮਤਿ ਬਿਬੇਕ ੭-੫੦
ਗੁਰਮਤਿ ਲੇਖ ੫-੫੦
ਗੁਰਮਤਿ ਪ੍ਰਕਾਸ਼ ੩-੭੫
ਗੁਰਮਤਿ ਵਿਚਾਰ ੫-੫੦
ਗੁਰਮਤਿ ਕਰਮ ਫਿਲਾਸਫੀ ਛਪ ਰਹੀ
ਗੁਰਮਤਿ ਰਮਜ਼ਾਂ ੧-੩੦
ਕਥਾ ਕੀਰਤਨ ਜੋਤਿ ਵਿਗਾਸ
ਸੰਤ ਪਦ ਨਿਰਣੈ ਦਰਸ਼ਨ ਝਲਕਾਂ
ਝਟਕਾ ਮਾਸ ਪ੍ਰਥਾਇ ਗੁਰਮਤਿ ਤਤ ਨਿਰਣੈ
ਵਾਹਿਗੁਰੂ ਸਿਮਰਨ ੦-੩੦
ਸਿੰਘਾਂ ਦਾ ਪੰਥ ਨਿਰਾਲਾ ੦-੫੦
ਅੰਮ੍ਰਿਤ ਕਲਾ ੦-੫੦
ਸੱਚੀਆਂ ਦਾੜ੍ਹੀਆ ੦-੩੦
ਗੁਰਬਾਣੀ ਦੀ ਪਾਰਸ ਕਲਾ ੦-੪੦
ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ੦-੪੦
ਨਾਮ ਦਾ ਦਾਤਾ ਸਤਿਗੁਰ
ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
ਸਿਖੀ ਸਿਦਕ ਤੇ ਧਰਮ ਰਖਿਆ
ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) ੦-੪੦

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org